ਸੁਲਤਾਨਪੁਰ ਲੋਧੀ
ਦਾ ਇਤਿਹਾਸ ਤੇ ਗੁਰਧਾਮ

27
10·4

ਡਾ. ਪਰਮਜੀਤ ਸਿੰਘ ਮਾਨਸਾ

104, ਬਾਬਾ ਦੀਪ ਸਿੰਘ ਨਗਰ, ਰੇਲ ਕੋਚ ਫੈਕਟਰੀ, ਕਪੂਰਥਲਾ

ਮੋ. 9988351990

ਸੁਲਾਤਨਪੁਰ ਲੋਧੀ
ਦਾ ਇਤਿਹਾਸ ਤੇ ਗੁਰਧਾਮ

ਡਾ. ਪਰਮਜੀਤ ਸਿੰਘ ਮਾਨਸਾ
104, ਬਾਬਾ ਦੀਪ ਸਿੰਘ ਨਗਰ, ਰੇਲ ਕੋਚ ਫੈਕਟਰੀ,
ਕਪੂਰਥਲਾ। ਮੋ. 9988351990

© ਡਾ. ਪਰਮਜੀਤ ਸਿੰਘ ਮਾਨਸਾ

ਸਾਲ : 2021

ਮੁੱਲ : 50 ਰੁਪਏ

ਪ੍ਰਕਾਸ਼ਕ :
ਗਲੋਬਲ ਸਿੱਖ ਵਿਚਾਰ ਮੰਚ
ਸੁਲਤਾਨਪੁਰ ਲੋਧੀ, ਕਪੂਰਥਲਾ।

ਸੁਲਤਾਨਪੁਰ ਲੋਧੀ ਦਾ ਇਤਿਹਾਸ ਤੇ ਗੁਰਧਾਮ

ਸ੍ਰੀ ਨਨਕਾਣਾ ਸਾਹਿਬ ਦੇਸ਼ ਦੀ ਵੰਡ ਵੇਲੇ ਸਿੱਖਾਂ ਕੋਲੋਂ ਦੂਰ ਹੋ ਗਿਆ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਹੋਰ ਵੀ ਕਈ ਇਤਿਹਾਸਕ ਗੁਰਦੁਆਰੇ ਜਿਵੇਂ ਕਿ ਗੁਰਦੁਆਰਾ ਬਾਲ ਲੀਲ੍ਹਾ, ਗੁਰਦੁਆਰਾ ਕਿਆਰਾ ਸਾਹਿਬ, ਗੁਰਦੁਆਰਾ ਸਚਾ ਸੌਦਾ (ਚੂਹੜਕਾਨਾ), ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਗੜ੍ਹੀ ਸਾਹਿਬ ਏਮਨਾਬਾਦ ਕਰਤਾਰਪੁਰ ਸਾਹਿਬ। ਇਹ ਉਹ ਮਹੱਤਵਪੂਰਨ ਸਥਾਨ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਹਨ ਜੋ ਕਿ 1947 ਦੀ ਦੇਸ਼ ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਏ।

ਸੁਲਤਾਨਪੁਰ ਲੋਧੀ ਦੀ ਪਵਿਤਰ ਧਰਤੀ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਇਸ ਧਰਤੀ ਨੂੰ ਗੁਰੂ ਸਾਹਿਬ ਦੇ ਚਰਨਾਂ ਦੀ ਛੁਹ ਲਗਭਗ 14 ਸਾਲ ਤੱਕ ਪ੍ਰਾਪਤ ਹੋਈ। ਇਸ ਕਰਕੇ ਸੁਲਤਾਨਪੁਰ ਲੋਧੀ ਦੀ ਇਤਿਹਾਸਕ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਤੇ ਆਪਣੇ ਚਰਨ ਪਾਏ ਉਦੋਂ ਤੋਂ ਲੈ ਕੇ ਇਹ ਧਰਤੀ ਪੂਜਣ ਯੋਗ ਬਣੀ ਹੋਈ ਹੈ।

ਸੁਲਤਾਨਪੁਰ ਲੋਧੀ ਦੇ ਪਿਛੋਕੜ ਬਾਰੇ

ਰਿਗ ਵੇਦ ਕਾਲ ਤੋਂ ਹੀ ਬਿਆਸ (ਵਿਪਾਸ਼ ਜਾਂ ਵਿਪਾਸ਼ਾ) ਅਤੇ ਸਤਲੁਜ (ਸ਼ਤਦਰੂ) ਨਦੀਆਂ ਦੇ ਵਿਚਕਾਰਲੇ ਦੁਆਬ ਵਿਚ ਸਥਿਤ ਹੈ ਜਿਥੇ ਕਿ ਪੰਜਵੀਂ ਸਦੀ ਈਸਾ ਪੂਰਬ ਤੋਂ ਨੌਵੀਂ ਸਦੀ ਈਸਵੀ ਤਕ ਤਰੀਗਰਤ ਰਾਜ ਸਥਾਪਿਤ ਸੀ (ਤਰੀਗਰਤਾਂ ਦਾ ਜ਼ਿਕਰ ਮਹਾਂ ਭਾਰਤ ਵਿਚ ਆਉਂਦਾ ਹੈ) ਇਹ ਸ਼ਹਿਰ ਵਪਾਰਕ ਤੇ ਇਤਿਹਾਸਕ ਕੇਂਦਰ ਸੀ। ਕਿਉਂਕਿ ਇਸ ਦੇ ਉਤਰ ਪਾਸਿਓਂ ਵਗਦੀ ਸਿਆਹ (ਕਾਲੀ) ਵੇਈਂ ਜਾਂ ਕਾਲਕਾ ਨਦੀ ਕਰੀਬ 10 ਮੀਲ ਦੱਖਣ ਵੱਲ ਸਤਲੁਜ ਨਾਲ ਮਿਲਦੀ ਹੈ ਅਤੇ ਸਤਲੁਜ ਤੇ ਬਿਆਸ ਤੋਂ ਇਹ ਸ਼ਹਿਰ ਕ੍ਰਮਵਾਰ ਦੱਖਣ ਅਤੇ ਉੱਤਰ ਵਲੋਂ ਕੁੱਲ 10-12 ਮੀਲ ਦੂਰ ਹੈ। ਸ਼ਿਵਾਲਕ ਪਹਾੜੀਆਂ ਵੀ ਬਹੁਤ ਦੂਰ ਨਹੀਂ। ਇਸ ਲਈ ਇਹ ਇਲਾਕਾ ਹਮੇਸ਼ਾਂ ਆਕਰਸ਼ਕ ਰਿਹਾ। ਮੁਗ਼ਲ ਕਾਲ ਵਿਚ ਦਿੱਲੀ ਤੋਂ ਲਾਹੌਰ ਦੀ ਸ਼ਾਹੀ ਸੜਕ ਵੀ ਇਥੋਂ ਹੋ ਕੇ ਲੰਘਦੀ ਸੀ। ਸਤਵੀਂ ਸਦੀ ਵਿਚ ਚੀਨੀ ਯਾਰਤੀ ਯੁਆਂਗ-ਚੁਆਂਗ ਵੀ ਇਧਰੋ ਹੋਕੇ ਜਲੰਧਰ ਗਿਆ ਸੀ।

ਰਿਗਵੇਦ ਦੇ ਇਕ ਸੁੰਦਰ ਮੰਤਰ ਵਿਚ ਵਿਸ਼ਵਾਮਿਤਰ ਦੀ ਬਿਆਸ ਅਤੇ ਸਤਲੁਜ ਨਦੀਆਂ ਕੋਲ ਭਗਤਾਂ ਨੂੰ ਬਗੈਰ ਪੈਰ ਭਿਜੇ ਪਾਰ ਕਰਨ ਦੀ ਅਰਦਾਸ ਹੈ। ਬੋਧੀ ਸਾਹਿਤ ਤੋਂ ਅਜਿਹਾ ਜਾਪਦਾ ਹੈ ਕਿ ਪੰਜਵੀਂ ਛੇਵੀਂ ਸ਼ਦੀ ਈਸਾ ਪੂਰਬ ਇਥੇ ਤਮਸਾਵਨ ਨਾਂ ਦਾ ਸਾਇਦ ਇਕ ਗ਼ੈਰ ਆਬਾਦ ਭਾਰੀ ਜੰਗਲ ਸੀ ਜਿਥੇ

ਕਿ ਚੌਥੀ ਸਦੀ ਈਸਾ ਪੂਰਬ ਬੋਧੀ ਧਰਮ ਦਾ ਕੇਂਦਰ ਬਣਿਆ। ਪਾਣਿਨੀ ਅਨੁਸਾਰ (500 ਈਸਾ-ਪੂਰਬ) ਇਹ ਇਲਾਕਾ ਤਰੀਗਰਤਾਂ ਦੇ ਛੇ ਗਣਰਾਜਾਂ ਵਿਚੋਂ ਇਕ ਸੀ। ਇਸੇ ਗਲ ਦੀ ਪੁਸ਼ਟੀ ਪੁਰਾਣਾਂ ਤੋਂ ਵੀ ਹੁੰਦੀ ਹੈ।

ਈਸਾ ਪੂਰਬ 326 ਵਿਚ ਸਿਕੰਦਰ ਦੀਆਂ ਫੌਜਾਂ ਬਿਆਸ ਦੇ ਕੰਢੇ ਤੋਂ ਵਾਪਸ ਮੁੜ ਚਲੀਆਂ। ਉਸ ਵੇਲੇ ਦਰਿਆ ਦੇ ਇਸ ਪਾਸੇ ਕੋਈ ਫੇਗੇਲਗ ਜਾਂ ਫੇਸੀਅਸ (ਭਗਲ) ਰਾਜ ਕਰਦਾ ਸੀ। ਸੰਭਵ ਹੈ ਕਿ ਇਹ ਥਾਂ ਉਸ ਦੇ ਰਾਜ ਵਿਚ ਸੀ। ਯੁਆਂਗ ਚੁਆਂਗ ਦੇ ਮੁਤਾਬਕ ਅਸ਼ੋਕ (269-232 ਈਸਾ ਪੂਰਬ) ਨੇ ਇਥੇ ਇਕ ਬੋਧੀ ਸਤੂਪ ਉਸਾਰਿਆ ਪਰ ਹਾਲਾਂ ਤਕ ਪ੍ਰਾਪਤ ਹੋਈਆਂ ਚੀਜ਼ਾਂ ਵਿਚੋਂ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਿਆ, ਸ਼ਾਇਦ ਥਾਂ ਦੀ ਡੂੰਘੀ ਖੁਦਾਈ ਇਸ ਬਾਰੇ ਕੋਈ ਚਾਨਣ ਪਾਵੇ।

ਸਿੱਕਿਆਂ ਦੇ ਆਧਾਰ ਤੇ ਕਨਿੰਘਮ ਇਸ ਦੀ ਪ੍ਰਾਚੀਨਤਾ ਪਹਿਲੀ ਸਦੀ ਦਸਦਾ ਹੈ। ਟਾਲਕੀ ਦੇ ਕੁਲਿਡਰਾਈਨ (ਕੁਨਿੰਦ) ਰਾਜ ਵਿਚ ਸ਼ਾਇਦ ਇਹ ਇਲਾਕਾ ਆਉਂਦਾ ਸੀ। ਕੁਸ਼ਾਣ ਬਾਦਸ਼ਾਹਾਂ ਦੇ ਕਾਲ ਵਿਚ ਇਹ ਉਨ੍ਹਾਂ ਦੇ ਹੱਥ ਆ ਗਿਆ। ਪਰ ਚੌਥੀ ਸਦੀ ਵਿਚ ਇਹ ਮਦਰ ਦੇਸ਼ ਵਿਚ ਹੋਵੇਗਾ, ਜਿਸ ਨੇ ਸਮੁੰਦਰ ਗੁਪਤ (325-375 ਈ.) ਦੀ ਅਧੀਨਤਾ ਸਵੀਕਾਰ ਕਰ ਲਈ ਸੀ।

ਸਤਵੀਂ ਸਦੀ ਵਿਚ ਆਏ ਹੋਏ ਚੀਨੀ ਯਾਤਰੀ ਯੁਆਂਗ-ਚੁਆਂਗ ਦੇਖੇ ਗਏ ਤਮਸਾਵਨ ਬੋਧੀ ਸਥਾਨ ਨੂੰ ਕਨਿੰਘਮ ਠੀਕ ਤੌਰ ਤੇ ਹੀ ਸੁਲਤਾਨਪੁਰ ਨਾਲ ਜੋੜਦਾ ਹੈ। ਪੱਟੀ (ਪਹਿਲਾਨਾ-ਚੀਨ ਭੁਕਤੀ) ਜੋ ਕਸੂਰ ਤੋਂ 27 ਮੀਲ ਦੂਰ ਅੰਮ੍ਰਿਤਸਰ (ਜ਼ਿਲ੍ਹੇ ਵਿਚ) ਤੋਂ ਜਲੰਧਰ ਜਾਂਦੇ ਹੋਵੇ ਉਹ ਇਥੇ ਆਇਆ ਸੀ। ਤਮਸਾਵਨ ਦਾ ਜ਼ਿਕਰ ਬੋਧੀ ਪੁਸਤਕ 'ਵਿਦਿਅਵਦਾਨ' ਵਿਚ ਵੀ ਆਉਂਦਾ ਹੈ। ਉਸ ਅਨੁਸਾਰ ਇਹ ਸਥਾਨ ਕਰੀਬ 3/8 ਮੀਲ ਦੇ ਦਾਇਰੇ ਤੇ ਫੈਲਿਆ ਸੀ। ਇਥੇ ਇਕ ਵਿਸ਼ਾਲ ਵਿਹਾਰ ਉਸਦੇ ਅੰਦਰ ਇਕ 200 ਫੁੱਟ ਉੱਚਾ ਬੋਧੀ ਸਤੂਪ ਸੀ ਤੇ ਅਣਗਿਣਤ ਛੋਟੀਆਂ ਵੱਡੀਆਂ ਸਤੂਪਾਂ ਸਨ। ਇਹ ਇਲਾਕਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਸਮੇਂ ਦੇ ਜਲੰਧਰ ਦੇ ਰਾਜਾ ਉ-ਤਿ-ਤੋ (ਉਦਿਤ) ਦੇ ਹੇਠ ਸੀ।

804 ਈਸਵੀਂ ਵਿਚ ਇਥੇ ਇਕ ਅਤਿ ਤਾਕਤਵਰ ਤਰੀਗਰਤ ਦਾ ਰਾਜ ਸਥਾਪਿਤ ਹੋ ਗਿਆ ਸੀ। ਗਿਆਰ੍ਹਵੀਂ ਸਦੀ ਵਿਚ ਅਲਬਰੂਨੀ ਇਕ ਸੁਤੰਤਰ ਕਾਲੇਯਤ ਰਾਜ ਦਾ ਵਰਣਨ ਕਰਦਾ ਹੈ। (ਇੰਪਰੀਅਲ ਗਜ਼ਟੀਅਰ : ਜਿਲਦ 1, 1908 : 21)

ਇਥੋਂ ਕਾਬਲ ਦੇ ਹਿੰਦੂ ਬਾਦਸ਼ਾਹਾਂ (9ਵੀਂ-11ਵੀਂ ਸਦੀ) ਦੇ ਅਨੇਕ ਸਿੱਕੇ (ਪੁਰਾਤਤਵ ਵਿਭਾਗ ਪੰਜਾਬ) ਅਤੇ ਦਿਲੀ ਦੇ ਮਦਨ ਪਾਲ ਦੇ ਸਿੱਕੇ ਭੀ ਲਭ ਚੁਕੇ ਹਨ)

ਇਸ ਤਰ੍ਹਾਂ ਜਾਪਦਾ ਹੈ ਕਿ ਹਿੰਦੂ, ਬੋਧੀ ਮਤ ਦਾ ਕੇਂਦਰ ਹੋਣ ਵਜੋਂ ਮਹਿਮੂਦ ਗਜ਼ਨਵੀ ਨੇ ਇਸ ਸਾਰੇ ਕਸਬੇ ਨੂੰ ਅਗ ਲਾ ਦਿੱਤੀ। ਇਸ ਦਾ ਸਬੂਤ ਸੁਆਹ ਅਤੇ

ਫੁਕੀ ਹੋਈ ਮਿਟੀ ਦੀ ਕਾਲੀ ਤਹਿ ਵਿਚ ਭਾਲਿਆ ਜਾ ਸਕਦਾ ਹੈ ਜੋ ਕਿ ਥੇਹ ਦੀ ਚੋਟੀ ਤੋਂ 5-6 ਮੀਟਰ ਹੇਠਾਂ ਤੱਕ ਹੈ। ਇਸ ਅਨੁਮਾਨ ਨੂੰ ਖਾਸ ਬਲ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਇਸ ਥਾਂ ਦਾ ਨਾਂ ਕਿਸੇ ਢੰਗ ਨਾਲ ਮਹਿਮੂਦ ਨਾਲ ਜੁੜਿਆ (ਕਪੂਰਥਲਾ ਗਜ਼ਟੀਅਰ, 1904, 45)

ਇਸ ਦੇ ਨਾਲ ਹੀ ਸਰਵ ਮਾਨਪੁਰ ਦੀ ਕਹਾਣੀ ਖਤਮ ਹੁੰਦੀ ਹੈ। ਇਸ ਪਿਛੋਂ ਮੁਸਲਮਾਨੀ ਪ੍ਰਭਾਵ ਹੇਠ ਨਵੇਂ ਕਸਬੇ ਨੂੰ ਜਨਮ ਲਿਆ, ਜਿਸਦੇ ਕਰੀਬ 26 ਸਿੱਕੇ ਇਸ ਥਾਂ ਤੋਂ ਲੱਭ ਚੁੱਕੇ ਹਨ। 13 ਪੁਰਾਤਤਵ ਵਿਭਾਗ ਨੂੰ ਅਤੇ 13 ਕਨਿੰਘਮ ਨੂੰ ਵੇਖੋ ਆਰਕੀਆਲੋਜੀਕਲ ਸਰਵੇ ਆਫ਼ ਇੰਡੀਆ-ਰਿਪੋਟਰਸ (1882-58) ਇਹ ਕਸਬਾ ਨਾਸਿਰ-ਓ-ਦੀਨ ਮੁਹੰਮਦ ਸਾਹ (1246-1266 ਈ.) ਦੇ ਸਮੇਂ ਨਵੇਂ ਸਿਰੇ ਤੋਂ ਵਸਾਇਆ ਗਿਆ। ਉਸ ਦੇ ਉਤਰਅਧਿਕਾਰੀ ਅਤੇ ਸੋਹਰੇ ਗਿਆਸ-ਉ-ਦੀਨ ਬਲਬਨ (1266-1286) ਦੇ ਰਾਜ ਕਾਲ ਵਿਚ ਇਸ ਦਾ ਮਹੱਤਵ ਮੁਗ਼ਲਾਂ ਦੇ ਹੱਲੇ ਕਰਕੇ ਵੱਧ ਗਿਆ, ਕਿਉਂਕਿ ਰਾਈਟ ਦੇ ਮੁਤਾਬਿਕ, ਉਸ ਦੀ ਸੁਲਤਾਨਪੁਰ ਟਕਸਾਲ ਸੰਭਵ ਹੈ ਕਿ ਇਥੇ ਸੀ (ਰਾਈਟ, 1936 : 59 ਅਤੇ 80)

ਦਿਲੀ ਦੇ ਸੁਲਤਾਨ ਇਬਰਾਹੀਮ ਲੋਧੀ (1517-26 ਈ.) ਦੇ ਸਮੇਂ ਦੇ ਲਾਹੌਰ ਦੇ ਗਵਰਨਰ ਦੌਲਤ ਖਾਂ ਲੋਧੀ ਦੇ ਹੇਠ ਇਹ ਸਥਾਨ ਸਿਆਸੀ ਵਿਉਪਾਰਕ ਅਤੇ ਸਭ ਤੋਂ ਵਧੇਰੇ ਧਾਰਮਕ ਮਹੱਤਤਾ ਵਾਲਾ ਸੀ। ਇਸ ਸਮੇਂ ਹੀ ਮਹਾਨ ਗੁਰੂ ਬਾਬਾ ਨਾਨਕ ਜੀ ਨੇ ਇਸ ਧਰਤੀ ਨੂੰ ਆਪਣੀ ਚਰਨ ਛੁਹ ਬਖਸ਼ੀ।

'ਆਈਨੇ ਅਕਬਰੀ' ਵਿਚ ਇਸ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ ਅਤੇ ਉਸ ਵਿਚ ਲਿਖਿਆ ਹੈ ਕਿ ਇਥੇ ਇਕ ਬਹੁਤ ਵੱਡੀ ਸਰਾਂ ਵੀ ਹੈ। ਸ਼ੇਰ ਸ਼ਾਹ ਸੂਰੀ (1539-55 ਈ.) ਨੇ ਏਥੇ ਪੁਲ ਬਣਵਾਇਆ (ਕਪੂਰਥਲਾ ਗਜ਼ਟੀਅਰ : 1904-45)

ਗੁਰੂ ਅਰਜਨ ਦੇਵ ਮਹਾਰਾਜ (1563-1606 ਈ.) ਇਥੇ ਕੁੱਝ ਚਿਰ ਲਈ ਠਹਿਰੇ ਅਤੇ ਇਥੇ ਕਈ ਗੁਰਦੁਆਰੇ ਅਤੇ ਇਕ ਸਰਾਂ ਬਣਵਾਈ। ਜਹਾਂਗੀਰ ਨੇ (1605-1637 ਈ.) ਇਥੇ ਸਰਾਂ ਅਤੇ ਪੁਲ ਦੀ ਉਸਾਰੀ ਕਰਵਾਈ। ਦਰਅਸਲ ਉਸ ਨੇ ਪੁਰਾਣੇ ਕਿਲੇ ਅਤੇ ਸਰਾਂ ਦੀ ਮੁਰੰਮਤ ਕਰਵਾਈ ਸੀ।

ਨਾਦਰਸ਼ਾਹ ਨੇ 1739 ਈ. ਵਿਚ ਇਸ ਸ਼ਹਿਰ ਨੂੰ ਲੁੱਟ ਕੇ ਅੱਗ ਲਾ ਦਿੱਤੀ (ਰਾਮ ਜੱਸ, 1897 ; ਕਪੂਰਥਲਾ ਗਜ਼ਟੀਅਰ 1905) ਪਿਛੋਂ ਇਹ ਅਹਿਮਦ ਸ਼ਾਹ ਅਬਦਾਲੀ ਦੇ ਹੱਥੋਂ ਤਬਾਹ ਹੋਇਆ।

ਸਰਕਾਰ ਜਸਾ ਸਿੰਘ ਆਹਲੂਵਾਲਿਆ ਨੇ ਇਸ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਕੇ ਕੁਝ ਨਵੇਂ ਸਿਰਿਓ ਉਸਾਰਿਆ, ਪਰ ਫਿਰ ਵੀ ਇਸ ਅਸਥਾਨ ਨੂੰ ਪੁਰਾਣੀ ਸ਼ਾਨ ਨਹੀਂ ਮਿਲ ਸਕੀ। ਇਹ ਸੁਲਤਾਨਪੁਰ ਲੋਧੀ ਦਾ ਇਤਿਹਾਸਕ ਪਿਛੋਕੜ ਹੈ ਸੁਲਤਾਨਪੁਰ ਬਹੁਤ ਹੀ ਸ਼ਾਂਤ ਕਸਬਾ ਹੈ ਜੋ ਕਿ ਬਹੁਤ ਹੀ ਧੀਰਜ ਨਾਲ ਵਹਿੰਦੀ ਕਾਲੀ ਵੇਈਂ ਦੇ ਕਿਨਾਰੇ ਅਬਾਦ ਹੈ। ਸੁਲਤਾਨਪੁਰ ਦੀ ਧਰਤੀ ਨੂੰ

ਵੇਈਂ ਦਾ ਪਾਣੀ ਉਪਜਾਊ ਸ਼ਕਤੀ ਬਖਸ਼ਦਾ ਹੈ। ਇਸ ਸ਼ਹਿਰ ਦੀ ਖੂਬਸੂਰਤੀ ਨੂੰ ਵਧਾਉਂਦੇ ਹਨ ਖਜ਼ੂਰਾਂ ਦੇ ਪੇੜ ਤੋਂ ਪੁਰਾਣੇ ਬੋਹੜ। ਖਜ਼ੂਰਾਂ ਦੇ ਦਰਖਤਾਂ ਇਸ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ। ਕਸਬੇ ਦੇ ਪੱਛਮ ਵੱਲ ਇਕ 30 ਫੁੱਟ ਉਚਾ ਥੇਹ ਹੈ ਜੋ ਤਕਰੀਬਨ 500 ਮੀਟਰ ਪੂਰਵ ਪੱਛਮ ਤੇ 700 ਮੀਟਰ ਉਤਰ ਦੱਖਣ ਤਕ ਫੈਲਿਆ ਹੋਇਆ ਹੈ ਜਿਸ ਦੀ ਸਭ ਨਾਲੋਂ ਉਚੀ ਥਾਂ ਕਿਲ੍ਹਾ ਸਰਾਏ ਨੇ ਘੇਰੀ ਹੋਈ ਹੈ। ਧਰਤੀ ਵਿਚ ਦੱਬੀਆਂ ਕੰਧਾਂ ਛਾਟਾਂ ਅਤੇ ਹੁਜਰੇ ਉਨ੍ਹਾਂ ਉਤੇ ਬਾਅਦ ਵਿਚ ਬਣੀਆਂ ਇਮਾਰਤਾਂ ਦੇ ਖੇਤਰ ਹੁਣ ਵੀ ਸੜਕ ਦੇ ਦੋਹਾਂ ਪਾਸਿਆਂ ਤੇ ਦੂਰੋਂ ਹੀ ਵੇਖੇ ਜਾ ਸਕਦੇ ਹਨ। ਇਥੋਂ ਹੀ ਪੁਰਾਣੇ ਪੁਲ ਵੀ ਹਨ ਜਿਨ੍ਹਾਂ ਵਿਚੋਂ ਇਕ ਸਰਾਂ ਦੇ ਗੇਟ ਦੇ ਉਤਰ ਵਾਲੇ ਪਾਸੇ ਅਤੇ ਦੂਜਾ ਉਤਰ ਪੱਛਮ ਵਾਲੇ ਪਾਸੇ ਨਦੀ ਤੇ ਟੁੱਟੀ ਹਾਲਾਤ ਵਿਚ ਸਥਿਤ ਹਨ। ਹੁਣ ਨਵਾਂ ਪੁਲ ਬਣ ਗਿਆ ਹੈ ਤੇ ਵੇਈਂ ਦਾ ਪ੍ਰਵਾਹ ਵੀ ਪਰ੍ਹੇ ਹੋ ਗਿਆ ਹੈ, ਪਰ ਪੁਲ ਅਜੇ ਕਾਇਮ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਇਹ ਸ਼ਹਿਰ ਆਪਣੇ ਪੂਰੇ ਜੋਬਨ ਤੇ ਸੀ ਉਦੋਂ ਵੇਈਂ ਕਸਬੇ ਦੇ ਵਿਚਕਾਰ ਦੀ ਲੰਘਦੀ ਸੀ। ਘਰਾਂ ਦੀਆਂ ਨਿਸ਼ਾਨੀਆਂ ਦਰਿਆ ਦੇ ਦੂਜੇ ਪਾਸੇ ਵੀ ਮੌਜੂਦ ਹਨ। ਇਸ ਸ਼ਹਿਰ ਦੀ ਆਬਾਦੀ ਦੂਰ ਦੂਰ ਤੱਕ ਅਜੋਕੇ ਥੇਹ ਦੇ ਪਸਾਰੇ ਤੋਂ ਵੀ ਅੱਗੇ ਤਕ ਫੈਲੀ ਹੋਈ ਸੀ।

ਰਵਾਇਤ ਅਨੁਸਾਰ ਮੁਸਲਮਾਨਾਂ ਤੋਂ ਪਹਿਲਾਂ ਇਥੇ ਸਰਬਮਾਨਪੁਰ ਨਾਂ ਦਾ ਇਕ ਸ਼ਹਿਰ ਆਬਾਦ ਸੀ। (ਰਾਮਜਸ 1897 : 15) ਇਹ ਕਿਹਾ ਜਾਂਦਾ ਹੈ ਕਿ ਮਹਿਮੂਦ ਗਜਨਵੀ ਦੇ ਇਕ ਜਰਨੈਲ ਸੁਲਤਾਨ ਲੋਧੀ ਨੇ ਆਪਣੇ ਨਾ ਉਤੇ ਇਥੇ ਇਕ ਕਸਬਾ ਵਸਾਇਆ (ਕਪੂਰਥਲਾ ਗਜ਼ਟੀਅਰ, 1904-45)

ਸੋ ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੁਲਤਾਨਪੁਰ ਲੋਧੀ ਇਕ ਬਹੁਤ ਹੀ ਇਤਿਹਾਸਕ ਮਹੱਤਤਾ ਵਾਲਾ ਨਗਰ ਹੈ, ਜਿਸ ਦਾ ਆਪਣਾ ਇਤਿਹਾਸ ਹੈ ਬਹੁਤ ਸਾਰੇ ਉਤਾਰ ਚੜਾਅ ਇਸ ਨਗਰ ਨੇ ਦੇਖੇ ਹਨ। ਇਸੇ ਨਗਰ ਨੂੰ ਗੁਰੂ ਨਾਨਕ ਦੇਵ ਜੀ ਨੇ 14 ਸਾਲ ਆਪਣੇ ਚਰਨ ਕੰਵਲਾਂ ਦੀ ਛੋਹ ਨਾਲ ਪਵਿਤਰ ਕੀਤਾ ਹੈ। ਇਥੇ ਹੀ ਮੋਦੀ ਖਾਨੇ ਵਿਚ ਸਰਕਾਰੀ ਨੌਕਰੀ ਵੀ ਕੀਤੀ। ਇਥੇ ਹੀ ਮਹਾਰਾਜ ਜੀ ਨੇ ਵੇਈਂ ਵਿਚ ਪ੍ਰਵੇਸ਼ ਕਰਕੇ, ਨਿਰੰਕਾਰ ਦੇ ਦੇਸ਼ ਤੋਂ ਮੂਲ ਮੰਤਰ ਦੀ ਬਖਸ਼ਿਸ਼ ਪ੍ਰਾਪਤ ਕਰਕੇ ਸਮੁੱਚੀ ਲੋਕਾਈ ਨੂੰ ਬਖਸ਼ੀ। ਲੋਕਾਂ ਵਿਚ ਪਈਆਂ ਹੋਈਆਂ ਵੱਖ-ਵੱਖ ਵੰਡੀਆਂ ਨੂੰ ਮਹਾਰਾਜ ਜੀ ਨੇ ਇਕ ਅਕਾਲ ਪੁਰਖ ਦੇ ਲੜ ਲਗਾ ਕੇ ਏਕਤਾ ਬਖਸ਼ੀ। ਏਕੇ ਨਾਲ ਹੀ ਏਕਤਾ ਆਉਂਦੀ ਹੈ। ਦੂਸਰੀ ਗੱਲ ਸਤਿਗੁਰੂ ਜੀ ਨੇ 'ਨਾ ਕੋ ਹਿੰਦੂ ਨਾ ਮੁਸਲਮਾਨ' ਵਾਲੀ ਬਹੁਤ ਵੱਡੀ ਗੱਲ ਕਰੀ ਕਿ ਭਾਈ ਹੁਣ ਆਪਸੀ ਝਗੜੇ ਵਾਲੀ ਕੋਈ ਗੱਲ ਨਹੀਂ ਹੋਣੀ, ਹੁਣ ਤਾਂ ਸਿਰਫ਼ ਇਕ ਨਵੇਂ ਧਰਮ ਦੀ ਨਵੀਂ ਗਲ ਹੋਵੇਗੀ, ਉਹ ਸਰਬਤ ਦੇ ਭਲੇ ਦੀ ਹੋਵੇਗੀ, ਸਾਰਿਆਂ ਵਿਚ ਪਰਮਾਤਮਾ ਦੀ ਜੋਤ ਦੇਖਣ ਦੀ ਹੋਵੇਗੀ। ਹੁਣ ਤਾਂ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ ਵਾਲੀ ਗੱਲ ਹੋਵੇਗੀ। ਸੋ ਸਤਿਗੁਰੂ

ਨਾਨਕ ਦੇਵ ਜੀ ਨੇ ਸੁਲਤਾਨਪੁਰ ਦੀ ਧਰਤੀ ਤੋਂ ਹੀ ਉਦਾਸੀਆਂ ਦਾ ਦੌਰ ਆਰੰਭਿਆ। ਇਥੋਂ ਹੀ ਸਤਿਗੁਰੂ ਜੀ ਨੇ ਲੋਕਾਈ ਵਿਚ ਫੈਲੇ ਅੰਧਕਾਰ ਨੂੰ ਦੂਰ ਕਰਨ ਲਈ ਲੰਮੀਆਂ ਯਾਤਰਾਵਾਂ ਆਰੰਭ ਕੀਤੀਆਂ ਧਰਮ ਦੇ ਅੰਧਕਾਰ ਵਿਚ ਫੈਲੀ ਮਨੁੱਖਤਾ, ਜਾਤ-ਪਾਤ ਦੀ ਜਕੜਣ ਵਿਚ ਫਸੀ ਮਨੁੱਖਤਾ ਦੀ ਬਾਂਹ ਫੜਣ ਲਈ ਸਤਿਗੁਰੂ ਜੀ ਨੇ ਇਥੋਂ ਹੀ ਸ਼ੁਰੂਆਤ ਕੀਤੀ। ਜਦੋਂ ਤੱਕ ਸੂਰਜ ਤੇ ਚੰਦਰਮਾ ਰਹਿਣਗੇ, ਉਦੋਂ ਤੱਕ ਸੁਲਤਾਨਪੁਰ ਦੀ ਧਰਤੀ ਵੀ ਧਰੂ ਤਾਰੇ ਵਾਂਗ ਚਮਕਦੀ ਰਹੇਗੀ ਕਿਉਂਕਿ ਇਹ ਗੁਰੂ ਨਾਨਕ ਦੀ ਧਰਤੀ ਜੁ ਹੈ।

ਸੁਲਤਾਨਪੁਰ ਲੋਧੀ ਦੇ ਇਤਿਹਾਸਕ ਸਥਾਨ ਤੇ ਗੁਰਦੁਆਰੇ

ਜਦੋਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾਂ ਪ੍ਰਕਾਸ਼ ਪੁਰਬ ਮਨ੍ਹਾ ਰਹੇ ਹਾਂ, ਤਾਂ ਸਾਡੇ ਮਨ ਅੰਦਰ ਇਹ ਉਤਸੁਕਤਾ ਵੀ ਵੱਧ ਜਾਂਦੀ ਹੈ ਕਿ ਸੁਲਤਾਨਪੁਰ ਦੇ ਇਤਿਹਾਸਕ ਸਥਾਨਾਂ ਦੀ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ, ਸੋ ਉਸੇ ਲਈ ਅਸੀਂ ਇਹ ਛੋਟਾ ਜਿਹਾ ਯਤਨ ਕੀਤਾ ਹੈ ਤਾਂ ਜੁ ਕਿ ਵੱਧ ਤੋਂ ਵੱਧ ਸੰਗਤਾਂ ਨੂੰ ਇਸ ਪਵਿੱਤਰ ਨਗਰੀ ਬਾਰੇ ਭਰਪੂਰ ਤੇ ਦਿਲਚਸਪ ਜਾਣਕਾਰੀ ਪ੍ਰਾਪਤ ਹੋ ਸਕੇ।

ਸੁਲਤਾਨਪੁਰ ਲੋਧੀ ਦੀ ਨਗਰੀ ਦੇਖਣ ਵਿਚ ਸਾਨੂੰ ਭਾਵੇਂ ਸਾਧਾਰਣ ਜੀ ਅਤੇ ਪੇਂਡੂ ਦਿਖ ਵਾਲੀ ਦਿਖਾਈ ਦਿੰਦੀ ਹੈ। ਇਉਂ ਲਗਦਾ ਹੈ ਇਥੇ ਕੋਈ ਖਾਸ ਚੀਜ਼ ਨਜ਼ਰ ਨਹੀਂ ਆਉਂਦੀ ਸਿਵਾਏ ਗੁਰੂਧਾਮਾਂ ਦੇ, ਪਰੰਤੂ ਜਦੋਂ ਅਸੀਂ ਖੋਜੀ ਬਿਰਤੀ ਨਾਲ ਦੇਖਦੇ ਹਾਂ, ਇਹ ਸ਼ਹਿਰ ਆਪਣੀ ਵਿਥਿਆ ਆਪ ਸੁਣਾਉਂਦਾ ਨਜ਼ਰ ਆਉਂਦਾ ਹੈ। ਜਦੋਂ ਅਸੀਂ ਪੁਰਾਤਨ ਵਸਤਾਂ ਨੂੰ ਦੇਖਦੇ ਹਾਂ ਤਾਂ ਅਸੀਂ ਸਦੀਆਂ ਪਿਛੇ ਵੱਲ ਚਲੇ ਜਾਂਦੇ ਹਾਂ। ਸਾਡੇ ਸਾਹਮਣੇ ਪੁਰਾਤਨਤਾ ਵਾਲੇ ਦ੍ਰਿਸ਼ ਇਕ ਫਿਲਮ ਵਾਂਗ ਚਲਣੇ ਸ਼ੁਰੂ ਹੋ ਜਾਂਦੇ ਹਨ।

ਜਦੋਂ ਅਸੀਂ ਇਸ ਨਗਰ ਵਿਚ ਸ਼ਾਮਿਲ ਹੁੰਦੇ ਹਾਂ ਤਾਂ ਸਾਡੇ ਸਾਹਮਣੇ ਇਕ ਪੁਰਾਣਾ ਵੇਈਂ ਦਾ ਪੁਲ ਨਜ਼ਰ ਆਉਂਦਾ ਹੈ। ਇਹ ਪੁਰਾਣੀਆਂ ਇਟਾਂ (ਨਾਨਕਸ਼ਾਹੀ) ਦਾ ਬਣਿਆ ਪੁਲ ਹੈ। ਜਿਸ ਨੂੰ ਉਸ ਸਮੇਂ ਦੀ ਤਕਨੀਕ ਨਾਲ ਬਣਾਇਆ ਗਿਆ ਹੈ। ਜਿਵੇਂ ਪਹਿਲਾਂ ਘਰਾਂ ਦੀਆਂ ਛੱਤਾਂ ਜਾਂ ਪੁਰਾਣੀਆਂ ਇਮਾਰਤਾਂ ਤੇ ਡਾਟਾਂ ਬਣ ਕੇ ਛੱਤ ਪਾਈ ਜਾਂਦੀ ਸੀ ਠੀਕ ਉਸੇ ਤਰ੍ਹਾਂ ਛਾਟਾਂ ਨਾਲ ਹੀ ਇਹ ਮਜ਼ਬੂਤ ਪੁਲ ਬਣਿਆ ਹੈ। ਸਮੇਂ ਦੇ ਨਾਲ ਹਰ ਇਕ ਚੀਜ਼ ਖੰਡਰ ਵਿਚ ਤਬਦੀਲ ਹੋ ਜਾਂਦੀ ਹੈ। ਜੇਕਰ ਉਸ ਦੀ ਸਹੀ ਸੰਭਾਲ ਨਾ ਹੋਵੇ। ਹੁਣ ਇਸ ਪੁਲ ਦੇ ਖੰਡਰ ਮਿਲਦੇ ਹਨ। ਮੁਸਲਮਾਨ ਕਾਲ ਦੀ ਇਹ ਸਭ ਤੋਂ ਪੁਰਾਣੀ ਨਿਸ਼ਾਨੀ ਹੈ। ਇਸੇ ਤਰ੍ਹਾਂ ਹੀ ਹਮਾਮ ਅਬਦੁਲ ਲਤੀਫ਼ ਹੈ। ਇਹ ਬੇਰ ਸਾਹਿਬ ਨੂੰ ਜਾਂਦੀ ਸੜਕ ਤੋਂ ਖੱਬੇ ਹੱਥ ਖਜ਼ੂਰਾਂ ਦੇ ਵਿਚਕਾਰ ਛੁਪਿਆ ਹੁੰਦਾ ਸੀ, ਪਰ ਹੁਣ ਸ਼ਾਇਦ ਲੋਕਾਂ ਨੇ ਇਸ ਸਥਾਨ ਤੇ ਆਪਣਾ ਕਬਜ਼ਾ ਜਮਾ ਲਿਆ ਹੈ। ਹੁਣ ਇਸ ਦਾ ਕੋਈ ਨਾਮੋ ਨਿਸ਼ਾਨ ਨਹੀਂ ਹੈ। ਸੰਘਣੀ ਆਬਾਦੀ ਹੈ ਪਹਿਲਾਂ ਇਹ ਸਥਾਨ ਤੇ ਲੋਕ ਇਸ਼ਨਾਨ ਕਰਦੇ ਸਨ, ਇਕ

ਖੂਹੀ ਤੋਂ ਪਾਣੀ ਵਿਸ਼ੇਸ਼ ਤਰੀਕੇ ਨਾਲ ਹਮਾਮ ਵਿਚ ਆਉਂਦਾ ਸੀ ਤੇ ਨਿਕਾਸੀ ਲਈ ਵੀ ਨਾਲੀਆਂ ਬਣੀਆਂ ਸਨ। ਉਹ ਵੇਈਂ ਵਿਚ ਚਲੀਆਂ ਜਾਂਦੀਆਂ ਸਨ। 1969 ਈ. ਵਿਚ 500 ਸਾਲਾ ਸ਼ਤਾਬਦੀ ਤੇ ਇਥੇ ਇਕ ਕੰਧ ਦਿਖਾਈ ਦਿੰਦੀ ਸੀ। ਕਹਿੰਦੇ ਹਨ ਕਿਸੇ ਵੇਲੇ ਇਹ ਆਲੀਸ਼ਾਨ ਮਹਿਲ ਦਾ ਹਿੱਸਾ ਸੀ। ਮਹਿਲਾਂ ਦਾ ਵੀ ਨਾਮ ਨਿਸ਼ਾਨ ਨਹੀਂ ਰਿਹਾ, ਇਹ ਵਿਚਾਰਾ ਉਹਨਾਂ ਦੀ ਯਾਦ ਵਿਚ ਇਕਲਾ ਅਥਰੂ ਕੇਰਦਾ ਕੇਰਦਾ ਆਪਣਾ ਮਹੱਤਵ ਵੀ ਗੁਆ ਬੈਠਾ ਹੈ। ਬਹੁਤ ਨੁਕਸਾਨ ਸਿੱਖਾਂ ਨੇ ਇਸ ਨਗਰ ਦਾ ਕੀਤਾ ਹੈ, ਅਜਿਹੀਆਂ ਥਾਵਾਂ ਤੇ ਕਬਜ਼ੇ ਕਰਕੇ ਉਹਨਾਂ ਨੂੰ ਢਹਿ ਢੇਰੀ ਕਰਕੇ ਆਪਣੇ ਮਕਾਨ ਬਣਾ ਲਏ ਹਨ। ਨਾਸ਼ੁਮਾਨਤਾ ਦੇ ਕਾਲੇ ਬਦਲਾਂ ਨੇ ਬਹੁਤ ਸਾਰੀਆਂ ਇਤਿਹਾਸਕ ਸਥਾਨਾਂ ਨੂੰ ਧਰਤੀ ਤੋਂ ਹੀ ਮਿਟਾ ਦਿੱਤਾ ਹੈ। ਬਾਕੀ ਰਹਿੰਦੀ ਖੂੰਦੀ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੇ ਸਮੇਟ ਦਿੱਤੀ ਹੈ।

ਸੁਲਤਾਨਪੁਰ ਵਿਚ ਪੁਰਾਤਨ ਡੇਰੇ ਤੇ ਆਸ਼ਰਮ ਹਨ। ਇਥੇ ਕਟਾਕਸ਼ ਰਿਸ਼ੀ ਦਾ ਆਸ਼ਰਮ ਹੈ ਜਿਸ ਦੇ ਮੋਢੀ ਕਟਾਕਸ਼ ਗਿਰੀ ਨੂੰ ਜੋ ਬਹੁਤ ਉਚੇ ਸੁੱਚੇ ਆਚਰਨ ਦਾ ਸਾਧੂ ਸੀ। ਸੁਲਤਾਨਪੁਰ ਦੀ ਮਨਮੋਹਕ ਤੇ ਸ਼ਾਂਤ ਵਾਤਾਵਰਣ ਵਾਲੀ ਧਰਤੀ ਨੇ ਉਸ ਨੂੰ ਖਿੱਚ ਪਾਈ ਸੀ। ਮੁਸਲਮਾਨਾਂ ਦਾ ਪ੍ਰਭਾਵ ਸੀ ਪਰੰਤੂ ਉਸਨੇ ਏਕਤਾ ਅਤੇ ਬਰਾਬਰੀ ਦਾ ਪਰਚਾਰ ਕਰਕੇ ਆਪਣੀ ਜਗਾ ਬਣਾਈ। ਮਾਤਾ ਦਾ ਮੰਦਰ ਵੀ ਹੈ ਜੋ ਕਈ ਸਦੀਆਂ ਪੁਰਾਣਾ ਹੈ ਤੇ ਕਈ ਯਾਦਾਂ ਸੰਭਾਲੀ ਬੈਠਾ ਹੈ। ਇਹ ਮੰਦਰ ਹਿੰਦੂ ਸਭਿਅਤਾ ਦੇ ਮਹਾਨ ਅਤੀਤ ਦਾ ਗਵਾਹ ਹੈ।

ਗੁਰਦੁਆਰਾ ਬੇਰ ਸਾਹਿਬ

ਹੁਣ ਅਸੀਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਇਤਿਹਾਸਕ ਯਾਦਗਾਰਾਂ ਦਾ ਅਧਿਐਨ ਕਰਦੇ ਹਾਂ। ਗੁਰਬਾਣੀ ਮਹਾਂਵਾਕ 'ਜਿਥੇ ਜਾਇ ਬਹੈ ਮੇਰਾ ਸਤਿਗੁਰੂ ਜੋ ਥਾਨ ਸੁਹਾਵਾ ਰਾਮ ਰਾਜੈ' ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮਰ ਰਹੀ ਇਤਿਹਾਸਕ ਤੇ ਪਵਿਤਰ ਨਗਰੀ ਵਿਚ ਜੀਵਨ ਦੀ ਨਵੀਂ ਰੁਮਕ ਪੈਦਾ ਕੀਤੀ। ਇਕ ਨਵੇਂ ਜੀਵਨ ਤੇ ਧਾਰਮਿਕ ਵਾਤਾਵਰਣ ਨੂੰ ਪ੍ਰਫੁਲਤ ਕੀਤਾ। ਨਹੀਂ ਤਾਂ ਇਹ ਸ਼ਹਿਰ ਖੰਡਰਾਂ ਥਲੇ ਦੱਬ ਕੇ ਹੀ ਰਹਿ ਜਾਣਾ ਸੀ। ਇਹ ਸ਼ਹਿਰ ਜੇ ਹੁਣ ਜੀਊਂਦਾ ਹੈ ਤਾਂ ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਜੀ ਕਰਕੇ ਜਿਨ੍ਹਾਂ ਦੇ ਪਵਿਤਰ ਸਥਾਨ ਬੇਰ ਸਾਹਿਬ ਦੀ ਮਹਾਨ ਇਮਾਰਤ ਤੋਂ ਉਥੋਂ ਰੋਜ਼ਾਨਾ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਨੇ ਇਨਸਾਨੀ ਭਾਈਚਾਰੇ ਨੂੰ ਪਿਆਰ ਭਰਿਆ ਪੈਗ਼ਾਮ ਬਖਸ਼ਿਆ ਹੈ।

ਗੁਰਦੁਆਰਾ ਹੱਟ ਸਾਹਿਬ ਜੀ ਦੀ ਇਮਾਰਤ ਹੁਣ ਤੋਂ ਪਹਿਲਾਂ ਪੰਜਾਹ ਪੰਜਾਹ ਫੁੱਟ ਉਚੇ ਥੇਹਾਂ ਨੂੰ ਸਾਫ਼ ਕਰਕੇ ਬਣਾਈ ਗਈ ਇਮਾਰਤ ਹੈ ਜਿਥੇ ਸਤਿਗੁਰੂ ਜੀ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਆਪਣੀ ਰੋਜ਼ੀ ਵਿਚੋਂ ਕਰਦੇ ਸਨ। ਤੇਰਾਂ ਤੇਰਾਂ ਤੋਲ ਕੇ। ਸੋ ਗੁਰਦੁਆਰਾ ਹੱਟ ਸਾਹਿਬ ਲੋੜਵੰਦਾਂ ਤੇ ਨਿਆਸਰਿਆਂ ਪ੍ਰਤੀ ਹਮਦਰਦੀ ਤੇ ਦਯਾ ਭਾਵਨਾ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਹੋਰ ਵੀ ਗੁਰਦੁਆਰਾ ਸਾਹਿਬ ਹਨ, ਜਿਨ੍ਹਾਂ ਦਾ ਵਿਸਤ੍ਰਿਤ ਅਧਿਐਨ ਕਰਾਂਗੇ।

ਸੋ ਸੁਲਤਾਨਪੁਰ ਇਕ ਅਜਿਹਾ ਨਗਰ ਹੈ ਜਿਸ ਦਾ ਹਰੇਕ ਖੰਡਰ ਆਪਣੇ ਆਪ ਵਿਚ ਰੌਚਿਕ ਕਹਾਣੀ ਛੁਪਾਈ ਬੈਠਾ ਹੈ। ਕਈ ਯਾਦਗਾਰਾਂ ਦੇ ਨਿਸ਼ਾਨ ਤੇ ਚਿੰਨ ਮਿਟ ਚੁਕੇ ਹਨ। ਕਾਸ਼ ਕਿਤੇ ਸਾਡੇ ਬਜ਼ੁਰਗ ਉਹਨਾਂ ਨੂੰ ਸੰਭਾਲ ਲੈਂਦੇ ਤਾਂ ਅੱਜ ਸੁਲਤਾਨਪੁਰ ਲੋਧੀ ਦਾ ਇਤਿਹਾਸਕ ਮਹੱਤਵ ਕੁੱਝ ਹੋਰ ਹੀ ਹੁੰਦਾ।

ਗੁਰਦੁਆਰਾ ਸ੍ਰੀ ਬੇਰ ਸਾਹਿਬ

ਸੁਲਤਾਨਪੁਰ ਲੋਧੀ ਦੇ ਪੱਛਮ ਵੱਲ ਵੇਈਂ ਨਦੀ ਦੇ ਕੰਢੇ ਬਹੁਤ ਆਲੀਸ਼ਾਨ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਗੁਰਦੁਆਰੇ ਦਾ ਨਾਂ ਬੇਰ ਸਾਹਿਬ ਹੈ। ਸੁਲਤਾਨਪੁਰ ਲੋਧੀ ਦੇ ਗੁਰਦੁਆਰਿਆਂ ਵਿਚੋਂ ਪ੍ਰਮੁੱਖ ਸਥਾਨ ਹੈ। ਭਾਈ ਸੰਤੋਖ ਸਿੰਘ ਜੀ 'ਗੁਰੂ ਨਾਨਕ ਪ੍ਰਕਾਸ਼' ਵਿਚ ਲਿਖਦੇ ਹਨ:

ਆਪਨ ਤੇ ਚਲ ਨੀਰ ਕੇ ਤੀਰ ਮੈ ਦੰਤਨ ਧਾਵਨ ਆਨਿ ਕਰੀ॥
ਗਡ ਦਈ ਧਰ ਹੋਤਿ ਭਯੋ ਤਰੁ ਹੈ ਅਬ ਲੌ ਬਰ ਸੋ ਬਦਰੀ॥ ੧੫॥
(ਪੂਰਾਬਰਧ ਅਧਿਆਇ ੨੯)

ਸ੍ਰੀ ਗੁਰੂ ਨਾਨਕ ਦੇਵ ਜੀ ਰੋਜ਼ਾਨਾ ਵੇਈਂ ਦੇ ਕਿਨਾਰੇ ਇਸ ਅਸਥਾਨ ਤੇ ਹਰ ਰੋਜ਼ ਇਸ਼ਨਾਨ ਕਰਨ ਆਉਂਦੇ ਸਨ, ਇਕ ਦਿਨ ਉਹਨਾਂ ਨੇ ਬੇਰੀ ਦੀ ਦਾਤਨ ਕਰਕੇ ਨਦੀ ਕਿਨਾਰੇ ਗੱਡ ਦਿੱਤੀ। ਜੋ ਕਿ ਬੇਰੀ ਦੇ ਦਰਖ਼ਤ ਦੇ ਰੂਪ ਵਿਚ ਅੱਜ ਵੀ ਮੌਜੂਦ ਹੈ। ਇਸ ਬੇਰੀ ਦੇ ਨਾਮ ਤੋਂ ਹੀ ਇਸ ਗੁਰਦੁਆਰਾ ਸਾਹਿਬ ਦਾ ਨਾਂ 'ਬੇਰ ਸਾਹਿਬ' ਪਿਆ ਹੈ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਆਏ ਤਾਂ ਇਸ ਥਾਂ ਸਾਈਂ ਖਰਬੂਜੇ ਸ਼ਾਹ (ਅਲਾ ਦਿੱਤਾ) ਦਾ ਡੇਰਾ ਸੀ। ਖਰਬੂਜੇ ਸ਼ਾਹ ਨਾਲ ਗੁਰੂ ਜੀ ਦਾ ਚੰਗਾ ਮੇਲ ਮਿਲਾਪ ਸੀ ਅਤੇ ਗੁਰੂ ਨਾਨਕ ਜੀ ਉਸ ਨਾਲ ਬਹੁਤ ਪ੍ਰੇਮ ਕਰਦੇ ਸਨ। ਨਿੱਤ ਅੰਮ੍ਰਿਤ ਵੇਲੇ ਗੁਰੂ ਜੀ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਖਰਬੂਜੇ ਸ਼ਾਹ ਨਾਲ ਵਿਚਾਰ ਵਟਾਂਦਰਾ ਕਰਦੇ ਸਨ। ਖਰਬੂਜੇ ਸ਼ਾਹ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ। ਜਦੋਂ ਗੁਰੂ ਜੀ ਨੇ ਵੇਈਂ ਵਿਚ ਟੁਭੀ ਲਾਉਣ ਤੋਂ ਪਿਛੋਂ ਮੋਦੀ ਖਾਨੇ ਦਾ ਕੰਮ ਛੱਡ ਅਤੇ ਉਦਾਸੀ ਧਾਰਨ ਕਰਕੇ ਜਗਤ ਕਲਿਆਣ ਲਈ ਮਰਦਾਨੇ ਨੂੰ ਨਾਲ ਲੈ ਕੇ, ਸੁਲਤਾਨਪੁਰ ਤੋਂ ਰਵਾਨਾ ਹੋਣ ਲਗੇ ਤਾਂ ਖਰਬੂਜੇ ਸ਼ਾਹ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਦੇ ਦਰਸ਼ਨਾਂ ਬਿਨਾਂ ਮੈਨੂੰ ਜ਼ਿੰਦਗੀ ਬਿਤਾਣੀ ਮੁਸ਼ਕਲ ਹੋ ਜਾਵੇਗੀ। ਗੁਰੂ ਜੀ ਨੇ ਬੇਰੀ ਦੀ ਦਾਤਣ ਜ਼ਮੀਨ ਵਿਚ ਗੱਡ ਕੇ ਆਖਿਆ ਕਿ ਏਥੇ ਬੇਰੀ ਉਗੇਗੀ ਤੂੰ ਸਾਡੇ ਦਰਸ਼ਨ ਉਸ ਵਿਚੋਂ ਕਰ ਲਿਆ ਕਰੀਂ। ਜਦੋਂ ਖਰਬੂਜੇ ਸ਼ਾਹ ਨੇ ਫੇਰ ਬਚਨ ਕੀਤਾ ਕਿ ਦਰਖ਼ਤ ਹੜ੍ਹ, ਝੱਖੜ ਆਦਿ ਨਾਲ ਪੁਟਿਆ ਵੀ ਜਾ ਸਕਦਾ ਹੈ ਤਾਂ ਗੁਰੂ ਜੀ ਨੇ ਫਰਮਾਇਆ ਕਿ ਇਹ ਬੇਰੀ ਸਦਾ ਕਾਇਮ ਰਹੇਗੀ, ਕੋਈ ਝੱਖੜ ਜਾਂ ਹੜ ਇਸ ਦਾ ਕੁੱਝ ਨਹੀਂ ਵਿਗਾੜ ਸਕਦਾ। ਬੇਰੀ ਦਾ ਇਹ ਬਿਰਧ ਬ੍ਰਿਛ ਹੁਣ ਤੱਕ ਕਾਇਮ ਹੈ। ਇਸ ਨੂੰ ਬੂਰ ਪੈਂਦਾ ਹੈ ਤੇ ਫੱਲ ਲਗਦਾ ਹੈ। ਜਦੋਂ ਮੈਂ 1988 ਈ. ਵਿਚ ਇਸ ਬੇਰੀ ਦੇ ਦਰਸ਼ਨ ਕੀਤੇ ਤਾਂ ਸੰਗਤਾਂ ਕੜਾਹ ਪ੍ਰਸ਼ਾਦ ਵਾਲੇ ਹੱਥ ਲਗਾ

ਦਿੰਦੀਆਂ ਸਨ ਤੇ ਬੇਰੀ ਦਾ ਕਾਫੀ ਹਿੱਸਾ ਸੁਕਣਾ ਸ਼ੁਰੂ ਹੋ ਗਿਆ ਸੀ ਹੁਣ ਗੁਰਦੁਆਰਾ ਪ੍ਰਬੰਧਕਾਂ ਨੇ ਇਸ ਪਾਸੇ ਧਿਆਨ ਦੇ ਕੇ ਬੇਰੀ ਦੁਆਲੇ ਥੜਾ ਬਣਾ ਦਿੱਤਾ ਹੈ ਤੇ ਜਿਥੇ ਸੰਗਤਾਂ ਹੱਥ ਲਾਉਂਦੀਆਂ ਸਨ, ਉਥੇ ਸਟੀਲ ਦੇ ਗੋਲ ਚੱਕਰ ਬਣਾ ਕੇ ਬੇਰੀ ਦੇ ਮੁੱਢ ਨੂੰ ਸੁਰਖਿਅਤ ਕਰ ਦਿੱਤਾ ਹੈ। ਹੁਣ ਬੇਰੀ ਹਰੀ ਭਰੀ ਹੈ। ਬਹੁਤ ਫਲ ਲਗਦਾ ਹੈ ਇਸ ਨੂੰ। ਇਸੇ ਬੇਰੀ ਦੀ ਮਹੱਤਤਾ ਕਾਰਣ ਹੀ ਇਥੇ ਗੁਰਦੁਆਰਾ ਬੇਰ ਸਾਹਿਬ ਬਣਿਆ ਹੈ।

ਗੁਰਦੁਆਰਾ ਸਾਹਿਬ ਦੀ ਹੁਣ ਵਾਲੀ ਨਵੀਂ ਇਮਾਰਤ ਬਣਨ ਤੋਂ ਪਹਿਲਾਂ ਬੇਰ ਸਾਹਿਬ ਦੇ ਨਾਲ ਛੋਟਾ ਜਿਹਾ ਬੁੰਗੇ ਦੀ ਸ਼ਕਲ ਦਾ ਗੁਰਦੁਆਰਾ ਸੀ, ਜਿਸ ਦੇ ਚਾਰ ਚੁਫੇਰੇ ਵਰਾਂਡਾ ਸੀ। ਇਸ ਬੁੰਗੇ ਦੇ ਨਾਲ ਹੀ ਬੇਰ ਸਾਹਿਬ ਦੇ ਕੋਲ ਇਕ ਪੱਕਾ ਚੁਬੱਚਾ ਬਣਿਆ ਹੋਇਆ ਸੀ। ਜੋ ਸ਼ਰਧਾਲੂ ਦਰਸ਼ਨ ਕਰਨ ਆਉਂਦੇ ਸਨ, ਉਹ ਵੇਈਂ ਵਿਚੋਂ ਜਲ ਲੈ ਕੇ ਬੇਰ ਸਾਹਿਬ ਨੂੰ ਸ਼ਰਧਾਂਜਲੀ ਅਰਪਣ ਕਰਨ ਵਜੋਂ ਤੇ ਸੇਵਾ ਭਾਵਨਾ ਨਾਲ ਜਲ ਚੜਾਉਂਦੇ ਸਨ। ਇਹ ਜਲ ਬੇਰ ਸਾਹਿਬ ਦੀ ਪਵਿਤਰ ਛੁਹ ਪ੍ਰਾਪਤ ਕਰ ਕੇ ਇਸ ਚੁਬੱਚੇ ਵਿਚ ਜ਼ਮਾ ਹੋ ਜਾਂਦਾ ਸੀ ਤੇ ਯਾਤਰੂ ਇਸ ਜਲ ਨੂੰ ਚਰਨਾਮ੍ਰਿਤ ਸਮਝ ਕੇ ਸਤਿਕਾਰ ਨਾਲ ਚੂਲੀਆ ਭਰ ਕੇ ਅੱਖਾਂ ਨੂੰ ਲਾਉਂਦੇ ਤੇ ਪੀਂਦੇ ਸਨ।

ਪਹਿਲਾਂ ਗੁਰਦੁਆਰਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ ਤੇ ਇਸ ਦਾ ਪ੍ਰਬੰਧ ਉਦਾਸੀ ਸੰਤਾਂ ਨੂੰ ਦੇ ਦਿੱਤਾ ਸੀ। ਇਸ ਤੋਂ ਪਹਿਲਾਂ ਇਸ ਥਾਂ ਸਾਈਂ ਅੱਲਾ ਦਿੱਤਾ ਦੇ ਤਕੀਏ ਦੇ ਫ਼ਕੀਰ ਰਹਿੰਦੇ ਸਨ। ਉਹ ਬੇਰ ਸਾਹਿਬ ਮੱਥਾ ਟੇਕ ਕੇ ਕਾਸਾ ਰੱਖ ਦਿੰਦੇ ਸਨ ਅਤੇ ਸ਼ਰਧਾਲੂ ਕੜਾਹ ਪ੍ਰਸਾਦ ਆਦਿ ਚੜ੍ਹਾਉਂਦੇ ਸਮੇਂ ਇਸ ਕਾਸੇ ਵਿਚ ਵੀ ਕੁਝ ਭੇਟਾ ਚੜ੍ਹਾ ਦਿੰਦੇ ਸਨ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਪੱਛਮ ਵੱਲ ਸਾਈਂ ਖਰਬੂਜੇ ਸ਼ਾਹ ਦੀ ਕਬਰ ਸੀ, ਜਿਸ ਨੂੰ ਨਵੀਂ ਉਸਾਰੀ ਸਮੇਂ ਢੱਕ ਕੇ ਇਸ ਦਾ ਗੁਰਦੁਆਰਾ ਸਾਹਿਬ ਦੇ ਚਬੂਤਰੇ ਦੇ ਨਾਲ ਮਿਲਦਾ ਪਲੈਟਫਾਰਮ (ਥੜਾ) ਜਿਹਾ ਬਣਾ ਦਿੱਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਨਾਂ ਸੰਧਰ ਪਿੰਡ ਦੀ ਜਾਗੀਰ ਵੀ ਲਾ ਦਿੱਤੀ ਸੀ, ਜਿਸ ਦਾ ਹਾੜੀ ਅਤੇ ਸਾਉਣੀ ਦਾ ਮਾਮਲਾ ਗੁਰਦੁਆਰੇ ਨੂੰ ਮਿਲਦਾ ਹੈ।

ਹੁਣ ਵਾਲੀ ਵਰਤਮਾਨ ਇਮਾਰਤ ਦਾ ਨੀਂਹ ਪੱਥਰ 14 ਫੱਗਣ ਸੰਮਤ 468 ਨਾਨਕ ਸ਼ਾਹੀ ਨੂੰ ਕਪੂਰਥਲੇ ਦੇ ਮਹਾਰਾਜਾ ਜਗਜੀਤ ਸਿੰਘ ਦੀ ਹਾਜਰੀ ਵਿਚ ਭਾਈ ਅਰਜਨ ਸਿੰਘ ਬਾਗੜੀਆਂ ਨੇ ਰਖਿਆ। ਅਨੁਮਾਨ ਹੈ ਉਦੋਂ ਇਸ ਇਮਾਰਤ ਤੇ ਤਿੰਨ ਲੱਖ ਰੁਪੈ ਖਰਚ ਆਏ। ਇਸ ਇਮਾਰਤ ਨੂੰ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਨੇ ਸਿੱਖ ਸੰਗਤਾਂ ਨੂੰ ਭੇਂਟ ਕੀਤਾ।

ਜਿਸ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਹੈ ਉਸ ਥਾਂ ਹੇਠ ਭੌਰਾ ਸਾਹਿਬ ਹੈ। ਭੌਰੇ ਵਿਚ ਉਸ ਥਾਂ ਤੇ ਇਕ ਥੜਾ ਬਣਾਇਆ ਹੋਇਆ ਹੈ ਜਿਸ ਥਾਂ ਗੁਰੂ ਜੀ ਬਿਰਾਜਮਾਨ ਹੋ ਕੇ ਸਿਮਰਨ ਕਰਿਆ ਕਰਦੇ ਸਨ।

ਭੋਰਾ ਸਾਹਿਬ ਦੇ ਨਾਲ ਹੀ ਗੁਰਦੁਆਰੇ ਦੇ ਪਿਛਲੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਸਤ ਕਮਲਾਂ ਨਾਲ ਲੱਗੀ ਹੋਈ ਪਵਿਤਰ ਬੇਰੀ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਕੁਰਸੀ ਵੇਈਂ ਦੇ ਤੱਟ ਤੋਂ ਕੋਈ ਦੱਸ ਫੁੱਟ ਉਚੀ ਹੈ। ਵੇਈਂ ਵਿਚ ਇਸ਼ਨਾਨ ਕਰਨ ਲਈ ਦੋ ਘਾਟ ਬਣੇ ਹੁੰਦੇ ਸਨ। ਇਕ ਮਰਦਾਂ ਲਈ ਤੇ ਇਕ ਔਰਤਾਂ ਲਈ।

ਹੁਣ ਪਹਿਲਾ ਵਾਲੀ ਗੁਰਦੁਆਰਾ ਸਾਹਿਬ ਦੀ ਸਰਾਂ ਦਾ ਅਗਲਾ ਹਿੱਸਾ ਢਾਹ ਦਿੱਤਾ ਗਿਆ, ਜਿਥੇ ਹੁਣ ਆਰਜ਼ੀ ਲੰਗਰ ਚਲ ਰਿਹਾ ਹੈ। ਪਹਿਲਾ ਇਥੇ 80 ਕਮਰਿਆਂ ਦੀ ਰਿਹਾਇਸ਼ ਦਾ ਪ੍ਰਬੰਧ ਸੀ। ਗੁਰੂ ਕਾ ਲੰਗਰ ਅਟੁੱਟ ਵਰਤਦਾ ਹੈ। ਹੁਣ ਬੇਰ ਸਾਹਿਬ ਦੀ ਪੂਰਬ ਵਾਲੀ ਸਾਇਡ ਤੇ ਨਵੀਂ ਰਿਹਾਇਸ਼ ਬਣ ਰਹੀ ਹੈ।

ਗੁਰਦੁਆਰਾ ਬੇਰ ਸਾਹਿਬ ਦੀ ਇਮਾਰਤ ਦੀ ਬਣਤਰ ਪੱਛਮੀਂ ਉਸਾਰੀ ਕਲਾ ਅਤੇ ਪੂਰਬੀ ਕਲਾ ਦਾ ਸੰਗਮ ਹੈ। ਇਸ ਦਾ ਪਲੇਟਫਾਰਮ ਲਗਭਗ 90 ਗਜ ਚੌੜਾ ਹੈ ਅਤੇ ਤਕਰੀਬਨ ਏਡਾ ਹੀ ਲੰਮਾ ਹੈ। ਇਸਦੀ ਉਚਾਈ ਲਗਭਗ 50 ਫੁੱਟ ਹੋਵੇਗੀ। ਗੁਰਦੁਆਰਾ ਸਾਹਿਬ ਵੇਈਂ ਨਦੀ ਦੇ ਨਜ਼ਦੀਕ ਹੋਣ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਲੰਬਾਈ ਚੁੜਾਈ ਦੇ ਬਰਾਬਰ ਹੀ ਖੂਹ ਵਾਂਗ ਪਲੇਟਫਾਰਮ ਹੇਠਾਂ ਉਤਾਰਿਆ ਗਿਆ ਸੀ ਅਤੇ ਫੇਰ ਇਸ ਤੇ ਇਮਾਰਤ ਉਸਾਰੀ ਗਈ ਸੀ। ਇਸ ਦਾ ਫਾਇਦਾ ਇਹ ਹੈ ਕਿ ਕਿੰਨਾ ਵੀ ਪਾਣੀ ਆ ਜਾਵੇ ਇਮਾਰਤ ਨੂੰ ਨੁਕਸਾਨ ਨਹੀਂ ਪਹੁੰਚਦਾ।

ਇਹ ਸਾਰੀ ਇਮਾਰਤ ਸੰਗਮਰਮਰ ਤੇ ਚਿਪਸ ਦੀ ਬਣੀ ਹੋਈ ਹੈ। ਚਿਪਸ ਦਾ ਰੰਗ ਨੀਲਾ, ਹਲਕਾ ਗੁਲਾਬੀ ਅਤੇ ਭੂਰਾ ਜਿਹਾ ਹੈ। ਪ੍ਰਵੇਸ਼ ਕਰਨ ਲਗਿਆਂ ਪਹਿਲਾਂ ਡਿਉਢੀ ਆਉਂਦੀ ਹੈ ਜੋ ਸਤੂਨਾਂ ਤੇ ਖੜੀ ਹੈ। ਸ਼ਤੂਨ ਸਮੇਂ ਹੀ ਚਿਪਸ ਦੇ ਹਨ। ਡਿਉਢੀ ਦੀ ਉਚਾਈ ਲਗਭਗ 20 ਫੁਟ ਹੋਵੇਗੀ ਅਤੇ ਚੁੜਾਈ 15 ਫੁੱਟ। ਇਸ ਦੇ ਦਰਮਿਆਨ ਵਿਚ ਵੀ 5 ਫੁਟ ਚੌੜਾ ਰਸਤਾ ਯਾਤਰੂਆਂ ਦੇ ਆਉਣ ਜਾਣ ਲਈ ਬਣਿਆ ਹੋਇਆ ਹੈ।

ਡਿਉਢੀ ਦੇ ਨਾਲ ਅੰਦਰ ਜਾਂਦਿਆਂ ਹੀ ਇਕ ਛੋਟਾ ਜਿਹਾ ਕਮਰਾ ਹੈ, ਜਿਸ ਰਾਹੀਂ ਹਾਲ ਵਿਚ ਪ੍ਰਵੇਸ਼ ਹੁੰਦਾ ਹੈ। ਹਾਲ ਤਕਰੀਬਨ 45 ਗਜ਼ ਲੰਬਾ ਹੈ। ਇਸ ਦੇ ਦੋਹੀਂ ਪਾਸੀਂ ਗੈਲਰੀਆਂ ਹਨ ਅਤੇ ਸ਼ੁਰੂ ਤੇ ਅਖੀਰ ਵਿਚ ਦੋ ਦੋ ਕਮਰੇ। ਇਕ ਗੈਲਰੀ ਦੋਹੀਂ ਪਾਸੀਂ ਉਪਰ ਦੀ ਬਣੀ ਹੋਈ ਹੈ। ਅਖ਼ੀਰਲੇ ਦੋ ਕਮਰਿਆਂ ਵਿਚਕਾਰ ਮੰਜੀ ਸਾਹਿਬ ਦਾ ਅਸਥਾਨ ਹੈ। ਹਾਲ ਦੀ ਬਣਾਵਟ ਪੱਛਮੀ ਢੰਗ ਦੀ ਹੈ। ਇਹ ਕਿਸੇ ਮਹਾਨ ਬਾਦਸ਼ਾਹ ਦੇ ਦਰਬਾਰ ਹਾਲ ਵਰਗਾ ਹੈ, ਜਿਸ ਦੇ ਅੰਦਰ ਅਖ਼ੀਰ ਵਿਚ ਬਾਦਸ਼ਾਹ ਦੇ ਬੈਠਣ ਲਈ ਤਖ਼ਤ ਬਣਿਆ ਹੋਵੇ। ਇਸ ਨੂੰ ਵੇਖ ਕੇ ਕਿਸੇ ਵੀ ਅਜਨਬੀ ਨੂੰ ਇਸ ਦੇ ਕਿਸੇ ਬਾਦਸ਼ਾਹ ਦੇ ਹਾਲ ਦਾ ਭਰਮ ਪੈ ਸਕਦਾ ਹੈ। ਹਾਲ ਦੀ ਰੰਗ ਵਿਉਂਤ ਬਹੁਤ ਹੀ ਖੂਬਸੂਰਤ ਹੈ। ਨੀਲੇ, ਹਰੇ ਅਤੇ ਸਫੈਦ ਦਾ ਸੁਮੇਲ ਇਸ ਨੂੰ ਇਕ ਅਨੋਖੀ ਆਭਾ ਬਖਸ਼ਦਾ ਹੈ। ਹਾਲ ਦੇ ਪਿਛਲੇ ਪਾਸੇ ਗੁਰੂ ਸਾਹਿਬ ਦਾ

ਭਗਤੀ ਅਸਥਾਨ ਅਤੇ ਬੇਰ ਸਾਹਿਬ ਹੈ।

ਸਭ ਤੋਂ ਸਿਖਰ ਭਾਰਤੀ ਉਸਾਰੀ ਕਲਾ ਦੇ ਨਮੂਨੇ ਤੇ ਬਣਾਈਆਂ ਗਈਆਂ ਛੋਟੀਆਂ ਤੇ ਵੱਡੀਆਂ ਬੁਰਜੀਆਂ ਹਨ। ਸਾਹਮਣੇ ਪਾਸੇ ਦੋ ਵੱਡੀਆਂ ਬੁਰਜੀਆਂ ਹਨ ਅਤੇ ਬਾਕੀ ਦੋਹਾਂ ਬਾਹੀਆਂ ਤੇ ਛੋਟੀਆਂ ਬੁਰਜੀਆਂ ਹਨ। ਪਿਛਲੇ ਪਾਸੇ ਦੀਆਂ ਬੁਰਜੀਆਂ ਵੀ ਕੁੱਝ ਨੁਮਾਇਆਂ ਹਨ।

ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਉਸ ਦੌਰ ਵਿਚ ਬਣਾਈ ਗਈ ਹੈ ਜਦੋਂ ਪੱਛਮੀ ਉਸਾਰੀ ਕਲਾ ਅਤੇ ਖਾਸ ਕਰਕੇ ਗਿਰਜਿਆਂ ਦੇ ਹਾਲਾਂ ਅਤੇ ਯੂਰਪੀਨ ਬਾਦਸ਼ਾਹਾਂ ਦੇ ਹਾਲਾਂ ਦੀ ਖੂਬਸੂਰਤੀ ਅਤੇ ਆਭਾ ਦੇ ਨਕਸ਼ ਹਿੰਦੁਸਤਾਨ ਦੇ ਪੜ੍ਹੀ ਲਿਖੀ ਸ਼੍ਰੇਣੀ ਦੇ ਦਿਮਾਗ ਦੇ ਉਕਰੇ ਹੋਏ ਸਨ। ਭਾਵੇਂ ਇਸ ਪ੍ਰਭਾਵ ਨੂੰ ਕਬੂਲਿਆ ਗਿਆ ਹੈ ਪਰ ਪੁਰਾਤਨ ਹਿੰਦੁਸਤਾਨੀ ਉਸਾਰੀ ਕਲਾ ਨੂੰ ਵੀ ਵਿਸਾਰਿਆ ਨਹੀਂ ਗਿਆ। ਇਸ ਤਰ੍ਹਾਂ ਗੁਰਦੁਆਰਾ ਬੇਰ ਸਾਹਿਬ ਦੀ ਇਮਾਰਤ ਆਪਣੀ ਕਿਸਮ ਦੀ ਆਪ ਹੀ ਹੈ। ਇਸ ਇਮਾਰਤ ਦਾ ਨੀਂਹ ਪਥਰ 25 ਫਰਵਰੀ 1937 ਨੂੰ ਭਾਈ ਅਰਜਨ ਸਿੰਘ ਬਾਗੜੀਆਂ ਨੇ ਰੱਖਿਆ।

ਮੌਜੂਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਬਹੁਤ ਸੋਹਣੇ ਪਾਰਕ ਬਣਾਏ ਗਏ ਹਨ। ਬੂਟੇ ਲਾ ਕੇ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਨੂੰ ਵਧਾਇਆ ਗਿਆ ਹੈ। ਹੋਰ ਵੀ ਕਈ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਗਿਆ। ਸੰਤ ਬਲਵੀਰ ਸਿੰਘ ਸੀਚੇਵਾਲ ਜੀ ਨੇ ਬੇਰ ਸਾਹਿਬ ਵਾਲੀ ਬਾਹੀ ਤੇ ਸੁੰਦਰ ਘਾਟ ਬਣਾ ਕੇ ਵੇਈਂ ਨੂੰ ਸੁੰਦਰਤਾ ਪ੍ਰਦਾਨ ਕੀਤੀ ਹੈ। ਫੁੱਲਾਂ ਦੇ ਗਮਲੇ ਬਹੁਤ ਹੀ ਸੁੱਚਜੇ ਢੰਗ ਨਾਲ ਸਜਾਏ ਹਨ ਜੋ ਗੁਰਦੁਆਰਾ ਸਾਹਿਬ ਅਤੇ ਵੇਈਂ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ।

ਬੇਰ ਸਾਹਿਬ ਗੁਰਦੁਆਰੇ ਵਿਚ ਹਰ ਮੱਸਿਆ ਨੂੰ ਭਾਰੀ ਦਿਵਾਨ ਲਗਦੇ ਹਨ। ਦੂਰ ਦੁਰਾਡੇ ਦੀਆਂ ਸੰਗਤਾਂ ਸੁਲਤਾਨਪੁਰ ਲੋਧੀ ਨੂੰ ਦੂਸਰਾ ਨਨਕਾਣਾ ਸਾਹਿਬ ਸਮਝ ਕੇ ਦਰਸ਼ਨ ਦੀਦਾਰ ਕਰਦੀਆਂ ਹਨ। ਹੁਣ ਤਾਂ ਹਰ ਐਤਵਾਰ ਨੂੰ ਵੀ ਭਾਰੀ ਗਿਣਤੀ ਵਿਚ ਸੰਗਤਾਂ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਆਉਂਦੀਆਂ ਹਨ। ਹਰ ਮੱਸਿਆ ਤੇ ਢਾਡੀ ਦਰਬਾਰ, ਕੀਰਤਨ ਦਰਬਾਰ ਤੇ ਕਵੀਸ਼ਰੀ ਦਰਬਾਰ ਦਾ ਖਾਸ ਪ੍ਰਬੰਧ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਕੀਤਾ ਜਾਂਦਾ ਹੈ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕਤੱਕ ਦੀ ਪੂਰਨਮਾਸ਼ੀ ਨੂੰ ਬਹੁਤ ਹੀ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਹਾਜ਼ਰੀਆਂ ਭਰਦੀਆਂ ਹਨ।

ਗਿਆਨੀ ਗਿਆਨ ਸਿੰਘ ਗੁਰਧਾਮ ਸੰਗ੍ਰਹਿ ਵਿਚ ਲਿਖਦੇ ਹਨ ਕਿ ਏਥੋਂ ਦੇ ਮਹੰਤ ਦੇ ਨਾਮ ਇਕ ਸਨਦ ਬਾਦਸ਼ਾਹ ਦਿਲੀ ਵਾਲੇ ਮੁਹੰਮਦ ਸ਼ਾਹ ਵਲੋਂ ਬਾਰਾਂ ਜਮਾਦੀ ਉਲ ਸਾਨੀ ਸੰ. ੧੧੫੩ ਹਿਜਰੀ ਦੀ ਲਿਖੀ ਹੋਈ ਹੈ, ਦੋ ਟਕੇ ਪ੍ਰਤਿ ਦਿਨ ਜੋ ਦੋ ਆਨੇ ਦੇ ਸਮ ਹਨ, ਸ਼ਾਹੀ ਖਜ਼ਾਨੇ ਵਿਚੋਂ ਹਮੇਸ਼ਾ ਮਿਲਨੇ ਦਾ ਹੁਕਮ ਹੈ, ਉਸ

ਸਮੇਂ ਏਥੋਂ ਦੀ ਸ਼ਾਹੀ ਰਸਤਾ ਅਰਥਾਤ ਸੜਕ ਚਲਦੀ ਸੀ। ਮਹਾਨ ਕੋਸ਼ ਅਨੁਸਾਰ ਇਸ ਗੁਰਦੁਆਰਾ ਸਾਹਿਬ ਨੂੰ 1360 ਰੁਪਏ ਸਾਲਾਨਾ ਜਾਗੀਰ ਰਿਆਸਤ ਕਪੂਰਥਲਾ ਵਲੋਂ, ਸਵਾ ਸੌ ਰੁਪਏ ਰਿਆਸਤ ਪਟਿਆਲਾ ਵਲੋਂ, ਇਕਵੰਜਾ ਰੁਪੈ ਨਾਭਾ ਰਿਆਸਤ ਵਲੋਂ ਤੀਹ ਘਮਾਉਂ ਜ਼ਮੀਨ ਗੁਰਦੁਆਰੇ ਦੇ ਨਾਮ ਪਿੰਡ ਮਾਲਕ ਅਤੇ ਪਿੰਡ ਮਾਛੀਜੋਆ ਵਿਚ ਹੈ। ਗਿਆਨੀ ਗਿਆਨ ਸਿੰਘ ਨੇ 400 ਰੁ. ਦੀ ਜਾਗੀਰ ਤੇ ਹੋਰ ਜ਼ਮੀਨ ਤੇ ਚੜਤ ਦੀ ਆਮਦਨੀ ਬਾਰੇ ਵੀ ਗੁਰਧਾਮ ਸੰਗ੍ਰਹਿ ਵਿਚ ਲਿਖਿਆ ਹੈ।

ਜਿਸ ਤਰ੍ਹਾਂ ਇਸ ਸ਼ਹਿਰ ਦਾ ਵਿਕਾਸ ਹੋਣਾ ਚਾਹੀਦਾ ਸੀ ਉਹ ਅਜੇ ਤਕ ਨਹੀਂ ਹੋ ਪਾਇਆ। ਅਜੇ ਵੀ ਇਥੋਂ ਦੇ ਲੋਕ ਇਕ ਵੱਡੇ ਮਲਟੀਸਪੈਸ਼ਲਿਸਟ ਹਸਤਪਾਲ ਲਈ ਤਰਸ ਰਹੇ ਹਨ। ਗੁਰਦੁਆਰਾ ਬੇਰ ਸਾਹਿਬ ਇਥੇ ਰੋਜ਼ਾਨਾ 25 ਤੋਂ ਲੈ ਕੇ 30 ਹਜ਼ਾਰ ਸੰਗਤਾਂ ਲਈ ਲੰਗਰ ਤਿਆਰ ਹੁੰਦਾ ਹੈ। ਐਤਵਾਰ ਨੂੰ ਇਹ ਗਿਣਤੀ 50 ਹਜ਼ਾਰ ਤੋਂ ਵੀ ਉਪਰ ਹੋ ਜਾਂਦੀ ਹੈ, ਮੱਸਿਆ ਨੂੰ ਤਾਂ ਲਗਭਗ ਇਕ ਲੱਖ ਦੇ ਕਰੀਬ ਸੰਗਤਾਂ ਲਈ ਲੰਗਰ ਤਿਆਰ ਹੁੰਦਾ ਹੈ। ਸਵੇਰੇ ਚਾਹ ਦਾ ਲੰਗਰ ਵੀ ਅੰਮ੍ਰਿਤ ਵੇਲੇ ਤੋਂ ਸ਼ੁਰੂ ਹੋ ਜਾਂਦਾ ਹੈ। ਪਰਸ਼ਾਦਾ ਸਵੇਰੇ ਸਾਢੇ ਅੱਠ ਕੁ ਵਜੇ ਤੋਂ ਸ਼ੁਰੂ ਹੋ ਜਾਂਦਾ ਹੈ ਤੇ ਰਾਤ ਦੇ ਗਿਆਰਾਂ ਵਜੇ ਤੱਕ ਲਗਾਤਾਰ ਚਲਦਾ ਰਹਿੰਦਾ ਹੈ। ਸੇਵਾਦਾਰ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਆਲੇ ਦੁਆਲੇ ਪਿੰਡਾਂ ਤੋਂ ਆਉਂਦੇ ਰਹਿੰਦੇ ਹਨ।

ਸਰਾਂ

ਬੇਰ ਸਾਹਿਬ ਵਿਖੇ ਪਹਿਲਾ ਜੋ ਸਰਾਂ ਸੀ ਉਸ ਦਾ ਅਗਲਾ ਹਿੱਸਾ ਢਾਹ ਦਿੱਤਾ ਗਿਆ ਹੈ। ਪਹਿਲਾ ਗੁਰਦੁਆਰਾ ਪ੍ਰਬੰਧ ਲਈ ਸਰਾਂ ਦੇ ਹੇਠਲੇ ਕਮਰਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਉਪਰਲੇ ਕਮਰੇ ਸਰਾਂ ਲਈ ਸਨ। ਹੁਣ ਦਫ਼ਤਰ ਸਰਾਂ ਦੇ ਪਿਛਲੇ ਪਾਸੇ ਚਲੇ ਗਏ ਹਨ ਤੇ ਇਥੇ ਹੀ ਜ਼ਮੀਨਦੋਜ਼ ਕਾਰ ਪਾਰਕਿੰਗ ਬਣਾ ਦਿੱਤੀ ਹੈ। ਇਹ ਵੀ ਆਈ ਪੀ ਪਾਰਕਿੰਗ ਹੋਵੇਗੀ, ਇਸ ਵਿਚ 140 ਗੱਡੀਆਂ ਨੂੰ ਪਾਰਕ ਕਰਨ ਦੀ ਵਿਵਸਥਾ ਕੀਤੀ ਗਈ। ਹੁਣ ਨਵਾਂ ਦਫ਼ਤਰ ਬਣਾ ਦਿੱਤਾ ਗਿਆ ਹੈ। ਇਕ ਨਵੀਂ ਦਰਸ਼ਨੀ ਡਿਉਢੀ ਵੀ ਬਣਾ ਦਿੱਤੀ ਗਈ ਹੈ, ਜਿਸ ਦਾ ਮੁੱਖ ਭਰੋਵਾਲ ਵਾਲੀ ਸੜਕ ਵੱਲ ਹੈ।

ਨਵੀਂ ਸਰਾਂ

ਨਵੀਂ ਸਰਾਂ ਗੁਰਦੁਆਰਾ ਬੇਰ ਸਾਹਿਬ ਦੇ ਪੁਰਬ ਵਾਲੀ ਬਾਹੀ ਵੱਲ ਭਾਈ ਮਰਦਾਨਾ ਹਾਲ ਦੇ ਬਰਾਬਰ ਬਣਾਈ ਗਈ ਹੈ। ਇਹ ਸਤ ਮੰਜ਼ਿਲਾਂ ਇਮਾਰਤ ਹੈ। ਇਕ ਮਜ਼ਿੰਲ ਜ਼ਮੀਨ ਦੋਜ਼ ਹੈ। ਜਿਸ ਵਿਚ 140 ਗਡੀਆਂ ਦੀ ਪਾਰਕਿੰਗ ਦਾ ਪ੍ਰਬੰਧ ਹੈ। ਉਪਰ ਛੇ ਮੰਜ਼ਿਲਾਂ ਰਿਹਾਇਸ਼ ਲਈ ਬਣੀਆਂ ਹਨ। ਜਿਨ੍ਹਾਂ ਵਿਚ 147 ਕਮਰੇ ਹਨ। ਇਹਨਾਂ ਨਾਲ ਬਾਥਰੂਮ ਅਟੈਚ ਹਨ ਤੇ ਬਾਕੀ 25-26 ਦੇ ਕਰੀਬ ਹਾਲ ਹਨ

ਜਿਨ੍ਹਾਂ ਵਿਚ 150 ਦੇ ਕਰੀਬ ਯਾਤਰੀ ਅਰਾਮ ਕਰ ਸਕਦੇ ਹਨ। ਇਹਨਾਂ ਲਈ ਬਾਥਰੂਮਾਂ ਦਾ ਵੱਖਰਾ ਪ੍ਰਬੰਧ ਹੋਵੇਗਾ। ਇਸ ਸਰਾਂ ਦੀ ਸੇਵਾ ਬਾਬਾ ਜਗਤਾਰ ਸਿੰਘ ਹੋਰਾਂ ਨੇ ਕਰਵਾਈ ਹੈ। ਇਸ ਦੇ ਨਾਲ ਹੀ ਖੁਲੀ ਥਾਂ ਵਿਚ ਗੱਡੀਆਂ ਪਾਰਕਿੰਗ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ।

ਗੁਰਦੁਆਰਾ ਹੱਟ ਸਾਹਿਬ

ਕਿਲ੍ਹਾ ਸਰਾਏ ਦੇ ਦੱਖਣ ਵਾਲੇ ਪਾਸੇ ਸਰਾਂ ਦੇ ਪਿਛਲੇ ਪਾਸੇ, ਹੁਣ ਏਥੇ ਗੁਰੂ ਨਾਨਕ ਖਾਲਸਾ ਕਾਲਜ ਬਣ ਗਿਆ ਹੈ, ਸਰਾਂ ਨਹੀਂ ਹੈ, ਇਹ ਗਲ 1969 ਈ. ਦੀ ਹੈ ਜਦੋਂ ਸਰਾਂ ਉਥੇ ਹੋਣੀ ਹੈ, ਉਥੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਾਲੇ ਸਥਾਨ ਤੇ ਬੜੇ ਸੁੰਦਰ ਗੁਰਦੁਆਰੇ ਦੀ ਇਮਾਰਤ ਤਿਆਰ ਕੀਤੀ ਗਈ ਹੈ। ਜਿਸ ਦੇ ਨਾਲ ਹੀ ਬਹੁਤ ਸੁੰਦਰ ਡੂੰਘਾ ਸਰੋਵਰ ਵੀ ਬਣਾਇਆ ਗਿਆ ਹੈ। ਇਸ ਸਥਾਨ ਤੇ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਨੇ ਮਾਘ ਸੁਦੀ ਚਉਦਸ ਸੰਮਤ 1540 ਬਿਕਰਮੀ ਯਾਨਿ ਕਿ ਸੰਨ 1483 ਈ. ਨੂੰ ਮੋਦੀ ਦੀ ਕਾਰ ਸੰਭਾਲੀ ਸੀ।

ਗੁਰਦੁਆਰਾ ਸਾਹਿਬ ਦੀ ਇਸ ਇਮਾਰਤ ਨੂੰ ਨਵੀਨਤਾ ਬਖਸ਼ ਦਿੱਤੀ ਗਈ ਹੈ। ਪਹਿਲਾਂ ਗੁਰਦੁਆਰਾ ਸਾਹਿਬ ਦਾ ਮੂੰਹ (ਦਰਵਾਜ਼ਾ) ਸਟੇਸ਼ਨ ਵਾਲੇ ਯਾਨਿ ਕੇ ਪੂਰਬ ਵਾਲੇ ਪਾਸੇ ਸੀ, ਉਸ ਨੂੰ ਬਾਅਦ ਵਿਚ ਸੜਕ ਭਾਵ ਕਿ ਪੱਛਮ ਵਾਲੇ ਪਾਸੇ ਕਰ ਦਿੱਤਾ ਗਿਆ ਹੈ, ਹੁਣ ਇਸ ਗੁਰਦੁਆਰਾ ਸਾਹਿਬ ਵਿਖੇ ਜਾਣ ਲਈ ਸੁਲਤਾਨਪੁਰ ਲੋਹੀਆਂ ਸੜਕ ਰਾਹੀਂ ਜਾਇਆ ਜਾ ਸਕਦਾ ਹੈ ਤੇ ਗੁਰਦੁਆਰਾ ਸਾਹਿਬ ਦਾ ਮੱਥਾ ਪਛੱਮ ਵਲ ਕਰ ਦਿੱਤਾ ਗਿਆ ਹੈ। ਇਮਾਰਤ ਪਹਿਲਾਂ ਨਾਲੋਂ ਵੀ ਸੁੰਦਰ ਬਣਾ ਦਿੱਤੀ ਗਈ ਹੈ। ਇਥੇ ਗੁਰਦੁਆਰਾ ਸਾਹਿਬ ਵਿਖੇ ਉਹ ਵੱਟੇ ਵੀ ਪਏ ਹਨ, ਜਿਨ੍ਹਾਂ ਨਾਲ ਗੁਰੂ ਜੀ ਨੇ ਤੇਰਾਂ ਤੇਰਾਂ ਤੋਲਦੇ ਸਨ।

ਗੁਰਦੁਆਰਾ ਸ੍ਰੀ ਗੁਰੂ ਕਾ ਬਾਗ

ਸੁਲਤਾਨਪੁਰ ਲੋਧੀ ਵਿਖੇ ਜਿਸ ਮਕਾਨ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਆਪਣਾ ਗ੍ਰਿਹਸਤੀ ਜੀਵਨ ਬਤੀਤ ਕੀਤਾ ਉਸ ਥਾਂ ਗੁਰਦੁਆਰਾ ਗੁਰੂ ਕਾ ਬਾਗ ਬਣਿਆ ਹੋਇਆ ਹੈ। ਅਸਲ ਮਕਾਨ ਦਾ ਕੇਵਲ ਇਕ ਕਮਰਾ ਹੈ ਜਿਸ ਦੀ ਸਾਹਮਣੀ ਦੀਵਾਰ ਵਿਚ ਤਿੰਨ ਦਰਵਾਜ਼ੇ ਤੇ ਇਕ ਖਿੜਕੀ ਹੈ। ਇਸ ਮਕਾਨ ਵਿਚ ਸਤਿਗੁਰਾਂ ਦੇ ਦੋਹਾਂ ਸਪੁਤਰਾਂ ਬਾਬਾ ਸ਼੍ਰੀ ਚੰਦ ਤੇ ਲੱਖਮੀ ਦਾਸ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਇਸ ਕਮਰੇ ਅਤੇ ਗੁਰਦੁਆਰੇ ਦੇ ਵਿਚਕਾਰ ਹਲਟ ਅਤੇ ਛੋਟੀ ਜਿਹੀ ਬਗੀਚੀ ਹੈ। ਗੁਰਦੁਆਰੇ ਦੇ ਦੂਜੇ ਪਾਸੇ ਵੀ ਬਗੀਚਾ ਹੈ ਜਿਸ ਵਿਚ ਦੋ ਫੁਹਾਰੇ ਅਤੇ ਉਨ੍ਹਾਂ ਦੁਆਲੇ ਜੰਗਲੇ ਹਨ।

ਤਵਾਰੀਖ ਰਿਆਸਤ ਕਪੂਰਥਲਾ ਦੇ ਕਰਤਾ ਦੀਵਾਨ ਰਾਮਜੱਸ ਨੇ ਲਿਖਿਆ ਹੈ, "ਗੁਰੂ ਨਾਨਕ ਦੇਵ ਜੀ ਦੀ ਬਰਾਤ ਏਸੇ ਥਾਂ ਤੋਂ ਗਈ। ਬਾਬਾ ਸ਼੍ਰੀ ਚੰਦ ਤੇ ਲਖਮੀ ਦਾਸ ਵੀ ਏਥੇ ਹੀ ਪੈਦਾ ਹੋਏ। ਇਹ ਗੁਰੂ ਕਾ ਬਾਗ ਲਾਲਾ ਮੁਕਤ ਰਾਮ

ਦੀ ਰਿਹਾਇਸ਼ ਸੀ।"

ਗੁਰਦੁਆਰੇ ਦੀ ਇਮਾਰਤ ਦੋ ਮੰਜ਼ਲੀ ਹੈ। ਹੇਠਲੀ ਮੰਜ਼ਲ ਵਿਚ ਚੁਫੇਰੇ ਚਾਰ ਦਰਵਾਜੇ ਹਨ, ਪਾਲਕੀ ਸਾਹਿਬ ਵਾਲੀ ਥਾਂ ਦੇ ਵੀ ਚੌਹਾਂ ਪਾਸਿਆਂ ਤੇ ਦਰਵਾਜਿਆਂ ਦੀ ਸੇਧ ਵਿਚ ਬਾਰੀਆਂ ਹਨ। ਪਾਲਕੀ ਦੇ ਦੁਆਲੇ ਬਣੇ ਹੋਏ ਚਾਰੇ ਥਮਿਆਂ ਦੇ ਉਤੇ ਚਮਕਦਾਰ ਫੁੱਲਾਂ ਵਾਲੀਆਂ ਟਾਇਲਾਂ ਸਜਾਵਟ ਵਾਸਤੇ ਜੜੀਆਂ ਹੋਈਆਂ ਹਨ। ਏਸੇ ਤਰ੍ਹਾਂ ਦੀਆਂ ਟਾਈਲਾਂ ਸਾਰੀਆਂ ਦੀਵਾਰਾਂ ਉਤੇ ਵੀ ਲੱਗੀਆਂ ਹੋਈਆਂ ਹਨ। ਪਾਲਕੀ ਵਾਲੇ ਥੜ੍ਹੇ ਦੇ ਦੁਆਲੇ ਡੇਢ ਫੁੱਟ ਦੇ ਕਰੀਬ ਹਿੱਸਾ ਟਾਈਲਾਂ ਤੋਂ ਰਹਿਤ ਹੈ। ਏਸੇ ਤਰ੍ਹਾਂ ਦੀਵਾਰਾਂ ਦਾ ਹੇਠਲਾ ਇਕ ਇਕ ਗਜ਼ ਟਾਈਲਾਂ ਤੋਂ ਰਹਿਤ ਹੈ। ਇਹ ਟਾਇਲਾਂ 7 ਫੁੱਟ ਦੀ ਉਚਾਈ ਤੱਕ ਹਨ। ਇਹਨਾਂ ਦੇ ਉਪਰ ਚਾਰ ਚੁਫੇਰੇ ਜਨਮ ਸਾਖੀਆਂ ਵਿਚ ਦਿੱਤੀਆਂ ਹੋਈਆਂ ਸਾਖੀਆਂ ਨੂੰ ਰੂਪਮਾਨ ਕਰਨ ਵਾਸਤੇ ਕਲਾਕਾਰਾਂ ਨੇ ਚਿੱਤਰ ਬਣਾਏ ਹੋਏ ਹਨ। ਕਈ ਚਿਤਰਾਂ ਦੇ ਨਾਲ ਗੁਰਮੁੱਖੀ ਵਿਚ ਚਿਤਰਾਂ ਦੇ ਵੇਰਵੇ ਵੀ ਦਰਜ਼ ਕੀਤੇ ਹੋਏ ਹਨ ਅਤੇ ਕਈ ਚਿਤਰ ਅਜਿਹੇ ਵੇਰਵੇ ਤੋਂ ਬਗ਼ੈਰ ਵੀ ਹਨ। ਬਹੁਤ ਸਾਰੇ ਚਿਤਰ ਸਲ੍ਹਾਬੇ ਕਾਰਣ ਮਿਟਦੇ ਜਾ ਰਹੇ ਹਨ। ਮੁੱਖ ਪ੍ਰਵੇਸ਼ ਦੀ ਦੀਵਾਰ ਦੀ ਮਹਿਰਾਬ ਉਤੇ ਕੁੱਝ ਸ਼ੀਸ਼ਿਆਂ ਦੀਆਂ ਟੁਕੜੀਆਂ ਲੱਗੀਆਂ ਹੋਈਆਂ ਹਨ। ਏਸੇ ਤਰ੍ਹਾਂ ਸ਼ੀਸ਼ੀਆਂ ਦੀਆਂ ਟੁਕੜੀਆਂ ਪਾਲਕੀ ਸਾਹਿਬ ਦੀਆਂ ਚੁਤਰਫੀ ਖਿੜਕੀਆਂ ਦੀਆਂ ਮਹਿਰਾਬਾਂ ਉਤੇ ਵੀ ਜੜੀਆਂ ਹੋਈਆਂ ਹਨ।

ਉਪਰਲੀ ਮੰਜ਼ਿਲ ਤੇ ਇੰਨ ਬਿੰਨ ਥਲੇ ਵਾਂਗ ਹੀ ਚੌਹਾਂ ਥੰਮਾਂ ਵਾਲੇ ਥੜ੍ਹੇ ਦੁਆਲੇ ਗੈਲਰੀ ਬਣੀ ਹੋਈ ਹੈ। ਸਾਹਮਣੇ ਤਿੰਨਾਂ ਪਾਸਿਆਂ ਤੇ ਤਿੰਨ-ਤਿੰਨ ਖਿੜਕੀਆਂ ਹਨ ਪਰੰਤੂ ਏਸ ਮੰਜ਼ਲ ਉਤੇ ਪਾਲਕੀ ਦੀ ਥਾਂ ਵੱਡਾ ਸਾਰਾ ਪਲੰਘ ਅਤੇ ਉਸ ਉਪਰ ਬਿਸਤਰਾ ਸਜਾਇਆ ਹੋਇਆ ਹੈ। ਇਸ ਮੰਜ਼ਲ ਦੇ ਚਿਤਰਾਂ ਤੇ ਸਫੈਦੀ ਫੇਰ ਦਿੱਤੀ ਗਈ ਹੈ ਅਤੇ ਠੀਕ ਤਰ੍ਹਾਂ ਨਹੀਂ ਵੇਖੇ ਜਾ ਸਕਦੇ। ਇਹ ਗੁਰਦੁਆਰਾ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਹੈ ਪਰੰਤੂ ਏਥੇ ਯਾਤਰੀਆਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਨਹੀਂ। ਇਕ ਤੰਗ ਖੂਹ ਉਸ ਸਮੇਂ ਦੀ ਯਾਦ ਵਿਚ ਅੱਜ ਵੀ ਮੌਜੂਦ ਹੈ। ਇਸ ਗੁਰਦੁਆਰੇ ਦੇ ਨਾਲ 13 ਏਕੜ ਜ਼ਮੀਨ ਲਗੀ ਹੋਈ ਹੈ। ਇਸ ਗੁਰਦੁਆਰੇ ਵਿਚ ਬਾਬਾ ਸ਼੍ਰੀ ਚੰਦ ਜੀ ਦੀ ਇਕ ਬੈਰਾਗਣ ਵੀ ਹੈ। ਪੰਡਿਤ ਤਾਰਾ ਸਿੰਘ ਨਰੋਤਮ ਤੋਂ ਗਿਆਨੀ ਗਿਆਨ ਸਿੰਘ ਨੇ ਕ੍ਰਮਵਾਰ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਤੇ 'ਗੁਰਧਾਮ ਸੰਗ੍ਰਹਿ' ਵਿਚ ਇਸ ਗੁਰਦੁਆਰਾ ਸਾਹਿਬ ਦਾ ਜ਼ਿਕਰ ਨਹੀਂ ਕੀਤਾ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਮੋਦੀਖਾਨੇ ਵਾਲੀ ਥਾਂ ਬਣੇ ਹੋਏ, ਬੁੰਗੇ ਦੀ ਨਵ ਉਸਾਰੀ ਕਰਵਾ ਕੇ ਗੁਰਦੁਆਰਾ ਬਣਵਾ ਦਿੱਤਾ ਸੀ। ਉਹ ਵੀ ਇਮਾਰਤ ਇਸ ਪਵਿਤਰ ਯਾਦਗਾਰ ਦੀ ਮਹਾਨਤਾ ਦੇ ਹਾਣ ਦੀ ਨਹੀਂ ਸੀ। ਮਹਾਰਾਜਾ ਕਪੂਰਥਲਾ ਨੇ ਕੇਵਲ ਬੇਰ ਸਾਹਿਬ ਦੀ ਇਮਾਰਤ ਉਸਾਰਨ ਤੇ ਹੀ ਸਾਰਾ ਤਾਣ ਲੱਗਾ ਦਿੱਤਾ ਸੀ।

ਸੰਗਤਾਂ ਦੀ ਪ੍ਰਬਲ ਇਛਾ ਸੀ ਕਿ ਗੁਰਦੁਆਰਾ ਹੱਟ ਸਾਹਿਬ ਦੀ ਨਵੀਂ ਇਮਾਰਤ

ਤਿਆਰ ਹੋਵੇ ਅਤੇ ਨਾਲ ਹੀ ਯਾਤਰੀਆਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਕੀਤਾ ਜਾਵੇ। ਸੋ ਇਸ ਕਾਰ ਸੇਵਾ ਦਾ ਬੀੜਾ ਸੰਤ ਕਰਤਾਰ ਸਿੰਘ ਬੂਲਪੁਰ ਵਾਲਿਆਂ ਨੇ ਚੁਕਿਆ। ਭਾਵੇਂ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿਚ ਹੈ ਪਰ ਇਸ ਦੀ ਇਮਾਰਤ ਤੇ ਕਾਰ ਸੇਵਾ ਦਾ ਸਾਰਾ ਕੰਮ ਸੰਤ ਕਰਤਾਰ ਸਿੰਘ ਹੋਰਾਂ ਨੇ ਕਰਵਾਇਆ ਸੀ। ਪਹਿਲਾਂ ਦੀਵਾਨ ਰਾਮ ਜੱਸ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਪੱਕੀ ਬਣਵਾਈ ਸੀ। ਜਿਵੇਂ ਅਸੀਂ ਪਹਿਲਾਂ ਲਿਖ ਦਿੱਤਾ ਹੈ ਹੁਣ ਵਾਲੀ ਨਵੀਂ ਇਮਾਰਤ ਪੁਰਾਣੀ ਇਮਾਰਤ ਨੂੰ ਬਦਲ ਕੇ ਬਣਾਈ ਗਈ ਹੈ। ਜਿਸ ਦੀ ਸੇਵਾ ਸੰਤ ਜਗਤਾਰ ਸਿੰਘ ਜੀ ਨੇ ਕਰਵਾਈ ਹੈ।

ਪਹਿਲਾਂ ਜੋ ਇਮਾਰਤ ਸੀ ਉਸ ਦੇ ਇਕ ਪਾਸੇ ਇਕ ਕਮਰੇ ਦੀ ਅਲਮਾਰੀ ਵਿਚੋਂ ਗਿਆਰਾਂ ਵੱਟੇ ਸੁਰਖਿਅਤ ਪਏ ਸਨ। ਹੁਣ ਇਹਨਾਂ ਵੱਟਿਆਂ ਨੂੰ ਇਕ ਸੁੰਦਰ ਸੋ ਕੇਸ ਬਣਾ ਕੇ ਉਹਨਾਂ ਵਿਚ ਸਜਾਇਆ ਗਿਆ ਹੈ। ਜੋਤ ਹਰ ਵਕਤ ਜਲਦੀ ਰਹਿੰਦੀ ਹੈ। ਹੁਣ ਇਹ ਦਰਬਾਰ ਸਾਹਿਬ ਵਿਚ ਹੀ ਸ਼ੁਸ਼ੋਭਿਤ ਹਨ। ਇਸ ਗੁਰਦੁਆਰੇ ਸਾਹਿਬ ਵਿਚ ਵੀ ਸੰਗਤਾਂ ਭਾਰੀ ਗਿਣਤੀ ਵਿਚ ਹਾਜ਼ਰੀ ਭਰਦੀਆਂ ਹਨ, ਸੰਗਤਾਂ ਦੇ ਮਨ ਵਿਚ ਚਾਉ ਹੁੰਦਾ ਹੈ ਕਿ ਉਹ ਸਥਾਨ ਦੇਖੀਏ ਜਿਥੇ ਮਹਾਰਾਜ ਜੀ ਤੇਰਾਂ ਤੇਰਾਂ ਤੋਲਕੇ ਹੋਏ ਲੋੜਵੰਦਾਂ ਦੀਆਂ ਝੋਲੀਆਂ ਭਰਦੇ ਸਨ। ਉਹਨਾਂ ਦਾ ਮਨੋਰਥ ਸੀ, 'ਜੋ ਆਵੈ ਸੋ ਰਾਜੀ ਜਾਵੇ' ਸਤਿਗੁਰੂ ਜੀ ਛਾਬੇ ਭਰ ਭਰ ਤੋਲਦੇ ਸਨ ਤੇ ਵੰਡਦੇ ਸਨ। ਤੋਲਣ ਲਗਿਆਂ ਜਦੋਂ ਬਾਰਾਂ ਗਿਣਨ ਉਪਰੰਤ ਤੇਰ੍ਹਵਾਂ ਛਾਬਾ ਤੋਲਦੇ ਤਾਂ ਤੇਰਾ ਤੇਰਾ ਹੀ ਤੇਰਾ ਉਚਾਰਦੇ ਵਿਸਮਾਦ ਵਿਚ ਆ ਜਾਂਦੇ ਸਨ ਅਤੇ ਲੋੜਵੰਦਾਂ ਦੀਆਂ ਝੋਲੀਆਂ ਭਰਦੇ ਸਨ। ਚੁਗ਼ਲ ਖੋਰ ਨੇ ਨਵਾਬ ਦੇ ਕੰਨ ਭਰੇ ਕਿ ਨਾਨਕ ਮੋਦੀ ਖਾਨਾ ਲੁਟਾ ਰਿਹਾ ਹੈ। ਪਰੰਤੂ ਜਦ ਹਿਸਾਬ ਕੀਤਾ ਗਿਆ ਤਾਂ ਰਸਦ ਖੁੜਨ ਦੀ ਥਾਂ ਵਧ ਨਿਕਲੀ। ਨਵਾਬ ਅਤਿਅੰਤ ਪ੍ਰਸੰਨ ਹੋਇਆ ਅਤੇ ਮੋਦੀ ਨਾਨਕ ਦਾ ਹੋਰ ਵੀ ਆਦਰ ਸਨਮਾਨ ਵੱਧ ਕਰਨ ਲਗ ਪਿਆ।

ਗੁਰਦੁਆਰੇ ਦੇ ਨਾਲ ਹੀ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਨਵੀਂ ਇਮਾਰਤ ਹੈ, ਜੋ ਚੰਡੀਗੜ੍ਹ ਦੇ ਨਮੂਨੇ ਦੀ ਉਸਾਰੀ ਕਲਾ ਦੀ ਹੋਣ ਕਾਰਣ ਗੁਰਦੁਆਰੇ ਦੇ ਆਲੇ ਦੁਆਲੇ ਨੂੰ ਬਹੁਤ ਰਮਣੀਕ ਬਣਾਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਸਮੇਂ ਸਾਲ 1969 ਈ. ਤੋਂ ਇਸੇ ਇਮਾਰਤ ਵਿਚ ਹੀ ਗੁਰੂ ਨਾਨਕ ਖਾਲਸਾ ਕਾਲਜ ਚਾਲੂ ਕੀਤਾ ਗਿਆ ਸੀ।

ਯਾਤਰੀਆਂ ਲਈ ਉਦੋਂ ਸੰਨ 1966 ਈ. ਇਕ ਸੁੰਦਰ ਕਮਰਿਆਂ ਦੀਆਂ ਦੋ ਕਤਾਰਾਂ ਤਿਆਰ ਹੋਈਆਂ ਹਨ। ਪਹਿਲਾਂ ਇਥੇ ਗੁਰੂ ਦਾ ਲੰਗਰ ਵੀ ਵਰਤਦਾ ਸੀ। ਪਰੰਤੂ ਹੁਣ ਇਥੇ ਗੁਰੂ ਕਾ ਲੰਗਰ ਨਹੀਂ ਵਰਤਾਇਆ ਜਾਂਦਾ। ਬਾਅਦ ਵਿਚ ਯਾਤਰੂਆਂ ਲਈ ਬਣੇ ਕਮਰੇ ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਨੂੰ ਰਿਹਾਇਸ਼ ਲਈ ਦੇ ਦਿੱਤੇ ਗਏ ਸਨ। ਹੁਣ ਮੌਜੂਦਾ ਸਮੇਂ ਅੰਦਰ ਸੰਤ ਭੂਰੀ ਵਾਲੇ (ਅੰਮ੍ਰਿਤਸਰ) ਇਥੇ ਨਵੀਂ ਸਰਾਂ ਦੀ ਸੇਵਾ ਕਰਵਾ ਰਹੇ ਹਨ। 550 ਸਾਲ ਪ੍ਰਕਾਸ਼ ਪੁਰਬ ਨੂੰ ਮੁੱਖ ਰਖਕੇ

ਇਥੇ ਸ਼ਰਾਂ ਦੀ ਸੇਵਾ ਚਲ ਰਹੀ ਹੈ। ਗੁਰਦੁਆਰਾ ਹੱਟ ਸਾਹਿਬ ਦੇ ਸਾਹਮਣੇ ਸਰਾਂ ਦੀ ਸੇਵਾ ਚਲ ਰਹੀ ਹੈ ਜਿਸ ਦੀਆਂ ਪੰਜ ਮੰਜ਼ਿਲਾ ਲਗਭਗ ਤਿਆਰ ਹੋ ਚੁੱਕੀਆਂ ਹਨ। ਪਰ ਇਉਂ ਲਗਦਾ ਹੈ ਕਿ ਰਿਹਾਇਸ਼ੀ ਸਰਾਂ ਸਮੇਂ ਸਿਰ ਪੂਰੀ ਨਾ ਹੋ ਸਕੇ ਕੰਮ ਬਹੁਤ ਵੱਡਾ ਹੈ ਤੇ ਸਮਾਂ ਬਹੁਤ ਘੱਟ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ : ਪੰਜਾਹ ਰੁਪੈ ਸਲਾਨਾ ਗੁਰਦੁਆਰਾ ਸਾਹਿਬ ਨੂੰ ਰਿਆਸਤ ਕਪੂਰਥਲਾ ਵਲੋਂ ਤੇ ਹੋਰ ਕੁੱਝ ਜ਼ਮੀਨ ਤੇ ਚੜ੍ਹਤ ਦੀ ਆਮਦਨ ਸੀ। ਹੁਣ ਤਾਂ ਸੰਗਤਾਂ ਦੀ ਰੌਣਕ ਲਗੀ ਰਹਿੰਦੀ ਹੈ ਜਿਸ ਨਾਲ ਆਦਮਨੀ ਵੀ ਬਹੁਤ ਹੁੰਦੀ ਹੈ।

ਗੁਰੂ ਕੇ ਬਾਗ ਦੀ ਪੁਰਾਣੀ ਇਮਾਰਤ ਢਾਹ ਦਿੱਤੀ ਗਈ ਹੈ ਜਿਸ ਵਿਚ ਕੰਧ ਚਿੱਤਰ ਵੀ ਬਣੇ ਹੋਏ ਸਨ। ਹੁਣ ਇਥੇ ਨਵੀਂ ਇਮਾਰਤ ਦੀ ਉਸਾਰੀ ਚਲ ਰਹੀ ਹੈ। ਉਸਦਾ ਵੇਰਵਾ ਵੀ ਵਿਸਤਾਰ ਨਾਲ ਲਿਖਦੇ ਹਾਂ।

ਗੁਰਦੁਆਰਾ ਕੋਠੜੀ ਸਾਹਿਬ

ਗਿਆਨੀ ਗਿਆਨ ਸਿੰਘ 'ਗੁਰਦੁਆਰਾ ਸੰਗ੍ਰਹਿ' ਵਿਚ ਲਿਖਦੇ ਹਨ ਕਿ ਇਥੇ ਸੰਮਤ 1553 ਈ. ਨੂੰ ਹਿਸਾਬ ਲੈਣ ਬਦਲੇ ਗੁਰੂ ਨਾਨਕ ਦੇਵ ਜੀ ਨਜ਼ਰ ਬੰਦ ਕੀਤੇ ਗਏ ਸਨ, ਤਿੰਨ ਵਾਰ ਹਿਸਾਬ ਕਰਨ ਤੋਂ ਗੁਰੂ ਸਾਹਿਬ ਦਾ ਹੀ ਵਾਧਾ ਨਿਕਲਦਾ ਰਿਹਾ, ਏਹ ਮਕਾਨ ਭੀ ਦੀਵਾਨ ਰਾਮ ਜਸ ਨੇ ਬਨਵਾਇਆ ਹੈ ਆਮਦਨ 50 ਰੁਪਏ ਸਾਲਾਨਾ ਤੇ ਹੋਰ ਜ਼ਮੀਨ ਤੇ ਪੂਜਾ ਹੈ।

ਇਹ ਗੁਰਦੁਆਰਾ ਸਾਹਿਬ ਗੁਰੂ ਕੇ ਬਾਗ਼ ਦੇ ਨੇੜੇ ਹੀ ਮਹੱਲਾ ਵੱਡਿਆਂ ਦੇ ਅੰਦਰ ਗਲੀ ਵਿਚ ਗੁਰਦੁਆਰਾ ਸ੍ਰੀ ਕੋਠੜੀ ਸਾਹਿਬ ਸਥਿਤ ਹੈ ਗੁਰਦੁਆਰੇ ਦੀ ਕੋਠੀ ਜਮੀਨ ਤੋਂ 5-6 ਫੁੱਟ ਉੱਚੀ ਹੈ। ਛੋਟੀਆਂ ਜਿਹੀਆਂ ਪੌੜੀਆਂ ਦੇ ਰਸਤੇ ਤੋਂ ਚੜ੍ਹ ਕੇ ਛੋਟੇ ਜਿਹੇ ਵਿਹੜੇ ਵਿਚੋਂ ਗੁਜ਼ਰ ਕੇ ਇਕ ਕਮਰੇ ਵਿਚ ਪਹੁੰਚਦਾ ਹੈ। ਇਸ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇਸ ਕਮਰੇ ਦੀ ਪਿਛਲੀ ਦੀਵਾਰ ਵਿਚ ਇਕ ਖਿੜਕੀ ਇਕ ਛੋਟੀ ਜਿਹੀ ਕੋਠੜੀ ਵਲ ਖੁਲ੍ਹਦੀ ਹੈ। ਇਹ ਕੋਠੜੀ ਢਾਈ ਫੁੱਟ ਚੌੜੇ, ਪੰਜ ਫੁੱਟ ਲੰਬੀ ਤੋਂ 4 ਫੁੱਟ ਦੇ ਕਰੀਬ ਉੱਚੀ ਹੈ। ਇਸ ਵਿਚ ਕਿਸੇ ਵੀ ਆਦਮੀ ਦਾ ਖਲੋ ਸਕਣਾ ਸੰਭਵ ਨਹੀਂ।

ਇਹ ਕੋਠੜੀ ਨਵਾਬ ਦੌਲਤ ਖਾਂ ਦੇ ਮੁਨਸ਼ੀ ਜਰੋਦ ਰਾਇ ਜੈਰਥ ਦੇ ਮਕਾਨ ਦੀ ਦੱਸੀ ਜਾਂਦੀ ਹੈ। ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਪਹਿਲੀ ਵਾਰ ਦੌਲਤ ਖਾਂ ਲੋਧੀ ਦੇ ਕੰਨ ਭਰੇ ਗਏ ਸਨ ਕਿ ਨਾਨਕ ਨੇ ਮੋਦੀ ਖਾਨਾ ਲੁਟਾ ਦਿੱਤਾ ਹੈ ਤਾਂ ਨਵਾਬ ਦੇ ਸਿਪਾਹੀਆਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਇਸ ਕੋਠੜੀ ਵਿਚ ਨਜ਼ਰਬੰਦ ਕਰ ਦਿੱਤਾ ਸੀ। ਦੋ ਦਿਨ ਗੁਰੂ ਜੀ ਇਸ ਛੋਟੀ ਜਿਹੀ ਕੋਠੜੀ ਵਿਚ ਰਹੇ ਤੇ ਇਸ ਦੇ ਨਾਲ ਦੇ ਕਮਰੇ ਵਿਚ ਬੈਠ ਕੇ ਗੁਰੂ ਜੀ ਦੇ ਹਿਸਾਬ ਦੀ ਪੜਤਾਲ ਕੀਤੀ ਗਈ। ਹਿਸਾਬ ਉਪਰੰਤ ਗੁਰੂ ਜੀ ਦਾ ਵਾਧਾ ਨਵਾਬ ਵੱਲ ਨਿਕਲਿਆ।

ਅਸਲ ਇੱਟਾਂ ਦੇ ਉਪਰ ਨਵੀਆਂ ਇੱਟਾਂ ਅਤੇ ਪਲਸਤਰ ਆਦਿ ਨਾਲ ਮੁਰੰਮਤ ਹੋ ਜਾਣ ਕਾਰਣ ਇਸ ਕੋਠੜੀ ਦਾ ਰੂਪ ਪੁਰਾਤਨ ਨਹੀਂ ਰਿਹਾ। ਪਹਿਲੀ ਵਾਰ ਇਸ

ਮਕਾਨ ਦੀ ਮੁਰੰਮਤ ਰਾਮ ਜੱਸ ਦੀਵਾਨ ਨੇ ਕਰਵਾਈ ਸੀ। ਦੱਸਿਆ ਜਾਂਦਾ ਹੈ ਕਿ ਗੁਰੂ ਜੀ ਦੇ ਵਿਰੁਧ ਚੁਗਲੀ ਕਰਨ ਵਾਲੇ ਜਾਦੋ ਰਾਇ ਜੈਰਥ ਦੇ ਵੰਸ਼ ਨੂੰ ਰੱਬ ਦੀ ਮਾਰ ਪਈ ਹੋਈ ਹੈ। ਉਸ ਘਰ ਵਿਚ ਇਕ ਅੰਨ੍ਹਾ, ਇਕ ਕਾਣਾ ਤੇ ਇਕ ਵਿਧਵਾ ਰਹਿੰਦੀ ਹੈ। ਲੋਕ ਦਸਦੇ ਹਨ ਕਿ ਸਾਡੇ ਪਿਉ ਦਾਦੇ ਤੋਂ ਇਸ ਗਲ ਦੀ ਗਵਾਹੀ ਮੂੰਹੋਂ ਮੂੰਹ ਚਲੀ ਆਉਂਦੀ ਹੈ ਕਿ ਅੰਨਾ, ਕਾਣਾ ਤੇ ਵਿਧਵਾ ਤਿੰਨੇ ਜੀਅ ਸਦਾ ਇਸ ਘਰਾਣੇ ਵਿਚ ਰਹੇ ਹਨ। ਅੰਨ੍ਹੇ ਦੀ ਮੌਤ ਉਪਰੰਤ ਕਾਣਾ ਅੰਨ੍ਹਾ ਹੋ ਜਾਂਦਾ ਹੈ ਤੇ ਕੋਈ ਹੋਰ ਕਾਣਾ ਹੋ ਜਾਂਦਾ ਹੈ। ਵਿਧਵਾ ਦੀ ਮੌਤ ਉਪਰੰਤ ਕੋਈ ਹੋਰ ਵਿਧਵਾ ਹੋ ਜਾਂਦੀ ਹੈ। ਗੁਰਦੁਆਰੇ ਨਾਮ ਤਿੰਨ ਏਕੜ ਜ਼ਮੀਨ ਲੱਗੀ ਹੋਈ ਹੈ।

ਗੁਰਦੁਆਰਾ ਸ੍ਰੀ ਸੰਤ ਘਾਟ

ਇਹ ਗੁਰਦੁਆਰਾ ਸਾਹਿਬ ਸੁਲਤਾਨਪੁਰ-ਕਪੂਰਥਲਾ ਸੜਕ ਤੇ ਸੁਲਤਾਨਪੁਰ ਤੋਂ ਇਕ ਮੀਲ ਦੂਰ ਵੇਈਂ ਦੇ ਕੰਢੇ ਸਥਿਤ ਹੈ, ਇਥੇ ਹਰ ਪੁੰਨਿਆ ਨੂੰ ਅਖੰਡ ਪਾਠ ਹੁੰਦਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸੰਗਤ ਚਲਾਉਂਦੀ ਹੈ। ਹੁਣ ਤਾਂ ਇਸ ਪਾਸੇ ਅਨਾਜ਼ ਮੰਡੀ ਵੀ ਬਣ ਗਈ ਹੈ, ਜਿਸ ਨਾਲ ਇਹ ਇਲਾਕਾ ਅਬਾਦ ਹੋ ਗਿਆ ਹੈ। ਪਹਿਲਾਂ ਤਾਂ ਏਧਰ ਜੰਗਲ ਹੀ ਹੁੰਦਾ ਸੀ, ਦਿਨੇ ਵੀ ਕੋਈ ਬਿਰਲਾ ਹੀ ਗੁਰਦੁਆਰੇ ਜਾਂਦਾ ਸੀ। ਗੁਰਦੁਆਰੇ ਦੇ ਪੱਛਮ ਵਾਲੇ ਪਾਸੇ ਵੇਈਂ ਬਿਲਕੁਲ ਨਾਲ ਦੀ ਵਗਦੀ ਹੈ। ਇਸ ਗੁਰਦਵਾਰੇ ਨਾਲ ਪੰਜ ਸੌ ਏਕੜ ਜ਼ਮੀਨ ਮੁਆਫੀ ਲਗੀ ਦੱਸੀ ਜਾਂਦੀ ਹੈ।

ਇਹ ਵੀ ਦੱਸਿਆ ਜਾਂਦਾ ਹੈ ਕਿ ਮੌਜੂਦਾ ਗੁਰਦੁਆਰਾ ਸਾਹਿਬ ਤੋਂ ਪਹਿਲਾਂ ਵੀ ਇਸੇ ਥਾਂ ਦੋ ਮੰਜ਼ਲਾਂ ਗੁਰਦੁਆਰਾ ਸੀ ਜੋ ਕਿਲ੍ਹੇ ਦੀ ਸ਼ਕਲ ਦਾ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਫੌਜਾਂ ਇਥੇ ਆ ਕੇ ਠਹਿਰਦੀਆਂ ਸਨ। ਪੰਜ ਸੌ ਘੁੰਮਾਂ ਜ਼ਮੀਨ ਏਸ ਗੁਰਦੁਆਰੇ ਨੂੰ ਮਾਫ਼ੀ ਲਗੀ ਹੋਈ ਸੀ। ਪਿਛੋਂ ਇਹ ਗੁਰਦੁਆਰਾ ਵੇਈਂ ਵਿਚ ਹੜ ਆਉਣ ਕਾਰਣ ਢਹਿ ਗਿਆ ਸੀ। ਵੇਈਂ ਦੇ ਕੰਢੇ ਇਸ਼ਨਾਨ ਲਈ ਪੱਕਾ ਘਾਟ ਬਣਿਆ ਹੋਇਆ ਸੀ। ਹੁਣ ਵਾਲਾ ਘਾਟ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਬਣਵਾਇਆ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਇਹ ਅਸਥਾਨ ਮਹੰਤ ਬੁਧ ਦਾਸ ਉਦਾਸੀ ਅਤੇ ਫੇਰ ਉਸ ਦੇ ਇਕ ਚੇਲੇ ਦੇ ਪ੍ਰਬੰਧ ਵਿਚ ਰਿਹਾ। ਉਸ ਤੋਂ ਪਿਛੋਂ ਸੰਤ ਊਧਮ ਸਿੰਘ ਜੀ ਨੇ ਸੰਨ 1940 ਵਿਚ ਇਸ ਅਸਥਾਨ ਤੇ ਨਵੇਂ ਸਿਰਿਉਂ ਗੁਰਦੁਆਰਾ ਬਨਾਉਣ ਦਾ ਯਤਨ ਕੀਤਾ ਪਰ ਦੀਵਾਨ ਪਰਿਵਾਰ ਨਾਲ ਇਸ ਦੇ ਨਾਲ ਲਗੀ ਜ਼ਮੀਨ ਬਾਰੇ ਝਗੜਾ ਹੋ ਜਾਣ ਕਾਰਨ ਕਾਮਯਾਬ ਨਾ ਹੋ ਸਕੇ। 1956-57 ਵਿਚ ਸਾਧ ਸੰਗਤ ਨੇ ਦੀਵਾਨਾ ਦੀ ਬੀਜੀ ਫਸਲ ਵੱਢ ਕੇ ਜ਼ਮੀਨ ਤੇ ਕਬਜ਼ਾ ਕਰ ਲਿਆ ਤੇ ਜਥੇਦਾਰ ਭਾਈ ਸੰਤਾ ਸਿੰਘ ਲਗੂੜੀ ਤੇ ਸੰਤ ਸਾਧੂ ਸਿੰਘ ਨਿਰਮਲਾ ਦੇ ਜਤਨ ਨਾਲ 1961 ਤੋਂ ਫਿਰ ਨਵੇਂ ਸਿਰਿਉਂ ਗੁਰਦੁਆਰਾ ਬਣਨਾ ਸ਼ੁਰੂ ਹੋਇਆ। 1969 ਤੱਕ ਇਹ ਗੁਰਦੁਆਰਾ ਤਿਆਰ ਹੋ ਰਿਹਾ ਹੈ।

ਗੁਰੂ ਸਾਹਿਬ ਦੇ ਪ੍ਰਗਟ ਹੋਣ ਵਾਲੀ ਥਾਂ ਤੇ ਇਕ ਭੋਰਾ ਬਣਾ ਕੇ ਉਸ ਵਿਚ ਇਕ ਥੜਾ ਬਣਾਇਆ ਗਿਆ ਹੈ। ਉਪਰ ਮੰਜੀ ਸਾਹਿਬ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਨ। ਗੁਰਦੁਆਰੇ ਦੇ ਨਾਲ ਕਾਫੀ ਵੱਡਾ ਬਾਗ਼ ਹੈ। ਯਾਤਰੂਆਂ ਵਾਸਤੇ ਕਮਰੇ ਵੀ ਬਣੇ ਹੋਏ ਹਨ। ਇਸ ਗੁਰਦੁਆਰਾ ਸਾਹਿਬ ਦਾ ਨਾਂ ਸੰਤ ਘਾਟ ਕਿਉਂ ਰੱਖਿਆ ਗਿਆ। ਇਸ ਬਾਰੇ ਤਿੰਨ ਕਥਾਵਾਂ ਪ੍ਰਚਲਿਤ ਹਨ। ਇਹਨਾਂ ਵਿਚੋਂ ਸਭ ਤੋਂ ਪਹਿਲੀ ਦਾ ਆਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹਨ। ਵੇਈਂ ਨਦੀ ਵਿਚ ਟੁਭੀ ਮਾਰ ਕੇ ਅਲੋਪ ਹੋਣ ਉਪਰੰਤ ਜਦੋਂ ਆਪ ਬਾਹਰ ਨਿਕਲੇ ਤਾਂ ਜੀਵਨ ਵਿਚ ਪਹਿਲੀ ਵਾਰ ਆਪ ਨੇ ਸੰਤਾਂ ਵਾਲਾ ਬਾਣਾ ਪਹਿਨਿਆ ਅਤੇ ਸੰਤ ਬਿਰਤੀ ਧਾਰਨ ਕੀਤੀ ਤੇ ਇਸੇ ਹੀ ਅਸਥਾਨ ਤੇ ਆਪ ਨੇ ਮਰਦਾਨੇ ਨੂੰ ਭਰੋਆਣੇ ਭੇਜ ਕੇ ਫਿਰੰਦੇ ਤੋਂ ਰਬਾਬ ਮੰਗਵਾਈ ਤੇ ਸੰਗੀਤ ਦੀਆਂ ਧੁਨਾਂ ਉਤੇ ਇਲਾਹੀ ਬਾਣੀ ਦਾ ਉਚਾਰਨ ਕੀਤਾ।

ਦੂਜੀ ਕਥਾ ਇਸ ਤਰ੍ਹਾਂ ਹੈ ਕਿ ਜਦੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਵਿਆਹੁਣ ਜਾ ਰਹੇ ਸਨ ਤਾਂ ਇਥੇ ਵਿਸ਼ਰਾਮ ਕੀਤਾ ਸੀ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਇਸ ਦਾ ਨਾਮ ਸੰਤ ਘਾਟ ਰਖਿਆ।

ਤੀਜੀ ਰਵਾਇਤ ਇਹ ਹੈ ਕਿ ਇਥੇ ਉਦਾਸੀ ਸੰਤਾਂ ਦਾ ਕਾਫੀ ਸਮਾਂ ਕਬਜ਼ਾ ਰਿਹਾ ਹੈ। ਉਦਾਸੀ ਸੰਤ ਇਥੇ ਠਹਿਰਿਆ ਕਰਦੇ ਸਨ। ਗੁਰਦੁਆਰੇ ਦਾ ਪ੍ਰਬੰਧ ਕਾਫੀ ਸਮਾਂ ਉਹਨਾਂ ਕੋਲ ਰਿਹਾ ਹੈ। ਇਸੇ ਲਈ ਹੋ ਸਕਦਾ ਹੈ ਕਿ ਸੰਤਾਂ ਦਾ ਇਕ ਕੇਂਦਰ ਬਣ ਜਾਣ ਕਾਰਨ ਇਸ ਦਾ ਨਾਮ ਸੰਤ ਘਾਟ ਪੈ ਗਿਆ ਹੋਵੇ। ਇਹ ਸਾਰਾ ਸੰਤ ਘਾਟ ਗੁਰਦੁਆਰੇ ਦਾ ਇਤਿਹਾਸਕ ਪਿਛੋਕੜ ਹੈ।

ਹੁਣ ਪੰਜ ਸੌ ਪੰਜਾਹ ਸਾਲਾਂ ਦਿਵਸ ਨੂੰ ਮੁੱਖ ਰੱਖਦੇ ਹੋਏ ਇਸ ਗੁਰਦੁਆਰਾ ਸਾਹਿਬ ਦਾ ਆਲਾ ਦੁਆਲਾ ਵਧਾਇਆ ਜਾ ਰਿਹਾ ਹੈ। ਜਿਸ ਦੀ ਸੇਵਾ ਸੰਤ ਸਤਨਾਮ ਸਿੰਘ ਜੀ ਅਨੰਦਗੜ੍ਹ ਵਾਲੇ ਕਰਵਾ ਰਹੇ ਹਨ। ਇਸ ਗੁਰਦੁਆਰੇ ਦੇ ਪਿਛਲੇ ਪਾਸੇ ਹੀ ਬਹੁਤ ਹੀ ਸੁੰਦਰ ਇਮਾਰਤ ਨਵੇਂ ਡਿਜ਼ਾਇਨ ਦੀ ਤਿਆਰ ਹੋ ਰਹੀ ਹੈ। ਜਿਸ ਦਾ ਨਾਂ ਮੂਲ ਮੰਤਰ ਅਸਥਾਨ ਰਖਿਆ ਗਿਆ ਹੈ। ਇਹ ਸਾਰੀ ਇਮਾਰਤ ਗੋਲਾਈ ਵਿਚ ਰੱਖੀ ਹੈ ਤਾਂ ਜੁ ਕਿ ਸਤਿਗੁਰੂ ਜੀ ਦਾ ਸੰਦੇਸ਼ ਸਮੁੱਚੀ ਲੁਕਾਈ ਲਈ ਹੈ। ਵਿਸ਼ਵ ਵਿਆਪੀ ਹੈ। ਇਸ ਵਿਚ ਬਹੁਤ ਸੁੰਦਰ ਮਿਉਜਿਮ ਬਣਾਇਆ ਜਾਣਾ ਹੈ। ਆਸ ਹੈ ਇਹ ਇਮਾਰਤ ਸੰਤਬਰ 2019 ਤਕ ਤਿਆਰ ਹੋ ਜਾਵੇ, ਬਹੁਤ ਹੀ ਰਮਣੀਕ ਥਾਂ ਹੈ ਨਾਲ ਹੀ ਵੇਈਂ ਵਗਦੀ ਹੈ। ਇਸ ਅਸਥਾਨ ਦੀ ਸੇਵਾ ਸੰਤ ਅੰਨਦਗੜ ਵਾਲੇ ਤੇ ਸੰਤ ਹਰਭਜਨ ਸਿੰਘ ਭਲਵਾਨ ਜੀ UK ਦੀ ਸੰਗਤ ਦੇ ਸਹਿਯੋਗ ਨਾਲ ਕਰਵਾ ਰਹੇ ਹਨ। ਇਹਨਾਂ ਸਾਰੀ ਕਾਰ ਸੇਵਾ ਵਿਚ UK ਦੀ ਸੰਗਤ ਦਾ ਹੀ ਸਹਿਯੋਗ ਹੈ।

ਇਥੇ ਹੀ ਸਿੱਖ ਮਿਸ਼ਰਨੀ ਕਾਲਜ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਇਆ ਜਾ ਰਿਹਾ ਹੈ। ਹੁਣ ਇਥੇ ਸੰਗਤਾਂ ਦੀ ਆਵਾਜਾਈ ਬਹੁਤ ਵੱਧ ਗਈ

ਹੈ। ਸੁੰਦਰ ਬਾਥਰੂਮ ਵੀ ਬਣਾ ਦਿੱਤੇ ਗਏ ਹਨ। ਕਾਰ ਸੇਵਾ ਵਾਲੇ ਸੰਤਾਂ ਵਲੋਂ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਗੁਰਦੁਆਰਾ ਸ੍ਰੀ ਅੰਤਰ ਯਾਤਰਾ ਸਾਹਿਬ

ਇਤਿਹਾਸਕ ਪਿਛੋਕੜ

ਇਹ ਗੁਰਦੁਆਰਾ ਬੇਰ ਸਾਹਿਬ ਨੂੰ ਜਾਂਦਿਆਂ ਸੜਕ ਦੇ ਸੱਜੇ ਹੱਥ ਸਰਾਂ ਦੇ ਬਿਲਕੁਲ ਸਾਹਮਣੇ ਸਥਿਤ ਹੈ। ਯਾਨਿ ਕਿ ਹੁਣ ਬੱਸ ਅੱਡੇ ਦੇ ਬਿਲਕੁਲ ਦੱਖਣ ਵਾਲੇ ਪਾਸੇ। ਇਸ ਦਾ ਇਤਿਹਾਸ ਇਸ ਤਰ੍ਹਾਂ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਅਗਿਆਤਵਾਸ ਤੋਂ ਬਾਅਦ ਸੰਤ ਘਾਟ ਵਾਲੀ ਥਾਂ ਪ੍ਰਗਟ ਹੋ ਕੇ ਉਦਾਸੀ ਧਾਰਣ ਕੀਤੀ ਅਤੇ ਸ਼ਬਦ ਉਚਾਰਿਆ ਕਿ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ'। ਗੁਰੂ ਜੀ ਦੇ ਇਸ ਸ਼ਬਦ ਦੀ ਚਰਚਾ ਸੁਲਤਾਨਪੁਰ ਦੇ ਕਾਜ਼ੀ ਅਤੇ ਨਵਾਬ ਦੌਲਤ ਖਾਂ ਲੋਧੀ ਤੱਕ ਪੁੱਜ ਗਈ। ਨਵਾਬ ਨੇ ਗੁਰੂ ਜੀ ਨੂੰ ਬੁਲਾਇਆ ਅਤੇ ਕਿਹਾ ਕਿ ਜੇ ਹਿੰਦੂ ਮੁਸਲਮਾਨ ਸਭ ਇਕੋ ਹਨ ਤਾਂ ਤੂੰ ਸਾਡੇ ਨਾਲ ਨਮਾਜ਼ ਪੜ੍ਹ ਕੇ ਵਿਖਾ। ਬਾਬਾ ਜੀ ਨਮਾਜ਼ ਪੜਣ ਤੇ ਰਾਜ਼ੀ ਹੋ ਗਏ ਤੇ ਉਹ ਨਵਾਬ ਤੋਂ ਕਾਜ਼ੀ ਨਾਲ ਨਮਾਜ਼ ਪੜ੍ਹਨ ਲਈ ਵੱਡੀ ਮਸੀਤ ਵਿਚ ਆਏ। ਵੁਜੂ ਕਰ ਕੇ ਨਵਾਬ ਅਤੇ ਕਾਜੀ ਤਾਂ ਨਮਾਜ਼ ਪੜ੍ਹਨ ਲਗ ਪਏ ਪਰ ਗੁਰੂ ਜੀ ਇਕ ਪਾਸੇ ਖੜ੍ਹੇ ਰਹੇ। ਜਦੋਂ ਨਵਾਬ ਤੇ ਕਾਜ਼ੀ ਨਮਾਜ਼ ਪੜ੍ਹ ਹਟੇ ਤਾਂ ਗੁਰੂ ਜੀ ਨੂੰ ਕਹਿਣ ਲੱਗੇ 'ਨਾਨਕ ਤੂੰ ਨਮਾਜ਼ ਨਹੀਂ ਪੜ੍ਹੀ ? ਤਾਂ ਗੁਰੂ ਜੀ ਨੇ ਬਚਨ ਕੀਤਾ 'ਮੈਂ ਨਮਾਜ਼ ਤੁਹਾਡੇ ਨਾਲ ਪੜ੍ਹਨੀ ਸੀ ਪਰ ਤੁਸੀਂ ਇਥੇ ਨਹੀਂ ਸਉ। ਮੈਂ ਨਮਾਜ਼ ਕਿਸ ਨਾਲ ਪੜਦਾ ? ਉਹਨਾਂ ਨੇ ਆਖਿਆ, 'ਨਾਨਕ ਅਸੀਂ ਤੇਰੇ ਸਾਹਮਣੇ ਤਾਂ ਨਮਾਜ਼ ਪੜ੍ਹ ਰਹੇ ਸੀ।' ਤਾਂ ਬਾਬੇ ਨੇ ਬਚਨ ਕੀਤਾ ਕਿ ਤੁਹਾਡੇ ਬੁਤ ਭਾਵੇਂ ਮਸੀਤ ਵਿਚ ਨਮਾਜ਼ ਪੜ੍ਹ ਰਹੇ ਸਨ ਪਰ ਤੁਹਾਡੇ ਮਨ ਖ਼ੁਦਾ ਦੀ ਹਜ਼ੂਰੀ ਵਿਚ ਨਹੀਂ ਸਨ। ਬਾਬਾ ਜੀ ਨੇ ਨਵਾਬ ਨੂੰ ਕਿਹਾ 'ਤੇਰਾ ਮਨ ਤਾਂ ਕਾਬਲ ਤੋਂ ਘੋੜੇ ਖਰੀਦਣ ਗਿਆ ਹੋਇਆ ਸੀ ਅਤੇ ਕਾਜ਼ੀ ਨੂੰ ਕਿਹਾ, 'ਤੇਰਾ ਮਨ ਘਰ ਨਵੀਂ ਸੂਈ ਘੋੜੀ ਦੇ ਵਛੇਰੇ ਬਾਰੇ ਸੋਚ ਰਿਹਾ ਸੀ ਕਿ ਕਿਤੇ ਖੂਹ ਵਿਚ ਨਾ ਡਿੱਗ ਪਏ।' ਨਵਾਬ ਤੇ ਕਾਜੀ ਇਹ ਸੁਣ ਕੇ ਸ਼ਰਮਿੰਦੇ ਹੋਏ। ਗੁਰੂ ਜੀ ਨੇ ਦੋਹਾਂ ਨੂੰ ਸਮਝਾਇਆ ਕਿ ਫੋਕੇ ਕਰਮਕਾਂਡ ਦਾ ਕੋਈ ਅਰਥ ਨਹੀਂ।

ਇਸ ਤਰ੍ਹਾਂ ਨਵਾਬ ਅਤੇ ਕਾਜ਼ੀ ਦੇ ਅੰਤਰ ਦੀ ਗੱਲ ਦੱਸਣ ਕਾਰਨ ਇਸ ਗੁਰਦੁਆਰੇ ਦਾ ਨਾਂ ਗੁਰਦੁਆਰਾ ਅੰਤਰਯਾਮਤਾ ਪੈ ਗਿਆ ਹੈ।

ਇਹ ਗੁਰਦੁਆਰਾ ਉਸੇ ਮਸੀਤ ਵਾਲੀ ਥਾਂ ਤੇ ਹੈ। ਛੋਟੇ ਛੋਟੇ ਦੋ ਕਮਰੇ ਹਨ ਅਤੇ ਅੱਗੇ ਵੱਡਾ ਮੈਦਾਨ ਹੈ ਜੋ ਧਰਤੀ ਤੋਂ ਕਾਫੀ ਉੱਚਾ ਹੈ। ਅਸਲ ਈਦਗਾਰ ਦੀਆਂ ਦੀਵਾਰਾਂ ਢਹਿ ਚੁੱਕੀਆਂ ਹਨ। ਨਵੀਂ ਇਮਾਰਤ ਦਾ ਕੰਮ ਅਜੇ ਆਰੰਭ ਨਹੀਂ ਕੀਤਾ ਜਾ ਸਕਿਆ। ਇਸ ਗੁਰਦੁਆਰੇ ਦਾ ਪ੍ਰਬੰਧ ਨਿਹੰਗ ਸਿੰਘਾਂ ਕੋਲ ਹੈ। ਇਹ ਪੁਰਾਤਨ ਇਤਿਹਾਸ ਹੈ। 1969 ਈ. ਵਿਚ ਜਦੋਂ ਪੰਜ ਸੌ ਸਾਲਾ ਸ਼ਤਾਬਦੀ ਮਨਾਈ

ਹੈ ਉਦੋਂ ਦੀ ਰਿਪੋਰਟ ਮੁਤਾਬਕ ਏਥੋਂ ਦਾ ਜ਼ਿਕਰ ਕੀਤਾ ਗਿਆ ਹੈ।

ਮੌਜੂਦਾ ਸਮੇਂ ਏਥੇ ਸੁੰਦਰ ਇਮਾਰਤ ਬਣ ਚੁੱਕੀ ਹੈ, ਜਿਸ ਦੀ ਕਾਰ ਸੇਵਾ ਕਾਫੀ ਲੰਮੇਂ ਅਰਸ਼ੇ ਤੋਂ ਚਲ ਰਹੀ ਹੈ। ਮੈਂ 1988 ਈ. ਵਿਚ ਰੇਲਕੋਚ ਫੈਕਟਰੀ ਵਿਚ ਨੌਕਰੀ ਤੇ ਆਇਆ ਸੀ, ਉਦੋਂ ਇਥੇ ਇਕ ਕਮਰਾ ਹੀ ਬਣਿਆ ਹੋਇਆ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਫੇਰ 1990 ਦੇ ਲਗਭਗ ਏਥੇ ਤਰਨ ਤਾਰਨ ਵਾਲੇ ਬਾਬਾ ਜਗਤਾਰ ਸਿੰਘ ਜੀ ਹੋਰਾਂ ਨੇ ਕਾਰ ਸੇਵਾ ਆਰੰਭੀ। ਜੋ ਕੀੜੀ ਦੀ ਚਾਲ ਚਲਦੀ ਚਲਦੀ ਅਜੇ ਵੀ ਚਲ ਰਹੀ ਹੈ, ਹੁਣ ਗੁਰਦੁਆਰਾ ਸਾਹਿਬ ਤਾਂ ਸੁੰਦਰ ਬਣ ਗਿਆ ਹੈ। ਪਰਕਰਮਾ ਵੀ ਕਾਫੀ ਵੱਡੀ ਬਣਾਈ ਗਈ ਹੈ। ਰਿਹਾਇਸ਼ ਲਈ ਸੁੰਦਰ ਕਮਰੇ ਵੀ ਬਣੇ ਹੋਏ ਹਨ। ਇਥੇ ਲੰਗਰ ਦਾ ਵੀ ਪ੍ਰਬੰਧ ਹੈ। ਆਮਦਨ ਦਾ ਸਾਧਨ ਸੰਗਤਾਂ ਦੀ ਭਾਰੀ ਗਿਣਤੀ ਵਿਚ ਆਉਣਾ ਹੈ। ਹੁਣ ਇਥੇ ਨਿਹੰਗ ਸਿੰਘਾਂ ਦਾ ਕਬਜ਼ਾ ਨਹੀਂ ਹੈ ਬਲਕਿ ਕਾਰ ਸੇਵਾ ਵਾਲੇ ਬਾਬਾ ਜਗਾ ਸਿੰਘ ਜੀ ਹੀ ਸਾਰੀ ਦੇਖ ਰੇਖ ਕਰ ਰਹੇ ਹਨ। ਸਾਰਾ ਪ੍ਰਬੰਧ ਉਹਨਾਂ ਕੋਲ ਹੀ ਹੈ। ਲੰਗਰ ਇਥੇ ਸ਼ਹਿਰ ਵਿਚੋਂ ਗਜ਼ਾ ਕਰਕੇ ਵੀ ਲਿਆਂਦਾ ਜਾਂਦਾ ਹੈ।

ਗੁਰਦੁਆਰਾ ਸਿਹਰਾ ਸਾਹਿਬ

ਇਤਿਹਾਸਕ ਪਿਛੋਕੜ

ਵੇਈਂ ਨਦੀ ਤੋਂ ਦੱਖਣ ਵਾਲੇ 150 ਗਜ਼ ਦੀ ਵਿਥ ਤੇ ਨਾਥਾਂ ਜੋਗੀਆਂ ਦੇ ਮੰਦਰ ਤੋਂ 200 ਗਜ਼ ਪੂਰਬ ਦੱਖਣ ਵਲ ਇਕ ਗੁਰਦੁਆਰਾ ਸਥਿਤ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਜਾਂ ਗੁਰਦੁਆਰਾ ਸਿਹਰਾ ਸਾਹਿਬ ਨਾਲ ਯਾਦ ਕੀਤਾ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਡੱਲੇ ਵਿਆਹੁਣ ਵਾਸਤੇ ਗਏ ਤਾਂ ਵੇਈਂ ਨਦੀ ਪਾਰ ਕਰਕੇ ਪਹਿਲਾ ਉਹ ਇਸ ਅਸਥਾਨ ਤੇ ਠਹਿਰੇ। ਭਾਵੇਂ ਸਿਖੀ ਅਸੂਲਾਂ ਅਨੁਸਾਰ ਇਹ ਗੱਲ ਮੰਨਣਯੋਗ ਤਾਂ ਨਹੀਂ ਜਾਪਦੀ, ਪਰ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਵੀ ਰੀਤਾਂ ਰਸਮਾਂ ਨੂੰ ਮੰਨਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਰਿਆ ਪਾਰ ਕਰਕੇ ਸਿਹਰਾ ਬੰਨਣ ਦੀ ਰਸਮ ਏਥੇ ਅਦਾ ਕੀਤੀ। ਕਿਉਂਕਿ ਉਸ ਸਮੇਂ ਡੱਲਾ ਸੁਲਤਾਨਪੁਰ ਦਾ ਇਕ ਭਾਗ ਹੀ ਸੀ। ਇਸ ਲਈ ਵੇਈਂ ਨਦੀ ਪਾਰ ਕਰਕੇ ਉਹਨਾਂ ਏਥੇ ਆਰਾਮ ਕੀਤਾ, ਕਪੜੇ ਆਦਿ ਤਬਦੀਲ ਕੀਤੇ ਤੇ ਇਥੋਂ ਹੀ ਸਜ ਧਜ ਕੇ ਡੱਲੇ ਵਿਖੇ ਜੰਞ ਦਾ ਢੁਕਾ ਕੀਤਾ।

ਸੁਲਤਾਨਪੁਰ ਵਿਚ ਕੁੱਝ ਸਮਾਂ ਠਹਿਰਨ ਨਾਲ ਗੁਰੂ ਜੀ ਨੇ ਇਹ ਅਨੁਭਵ ਕੀਤਾ ਕਿ ਸੁਲਤਾਨਪੁਰ ਜੇਹੀ ਥਾਂ ਤੇ ਜਿਥੇ ਗੁਰੂ ਨਾਨਕ ਦੇਵ ਜੀ ਨੇ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਦਾ ਨਾਹਰਾ ਲਾਇਆ ਸੀ ਤੇ ਜਿਥੇ ਉਨ੍ਹਾਂ ਨੇ ਸਰਬਤ ਦੇ ਭੱਲੇ ਵਾਲੇ ਸਿੱਖ ਧਰਮ ਦਾ ਆਰੰਭ ਕੀਤਾ ਸੀ, ਗੁਰੂ ਸਾਹਿਬਾਨ ਦੀਆਂ ਯਾਦਾਂ ਨੂੰ ਜਰੂਰ ਸਾਂਭ

ਕੇ ਰਖਿਆ ਜਾਵੇ।

ਇਸ ਕਾਰਜ ਨੂੰ ਸਿਰੇ ਚੜ੍ਹਾਣ ਵਾਸਤੇ ਉਨ੍ਹਾਂ ਨੇ ਮੌਜੂਦਾ ਗੁਰਦੁਆਰਾ ਸਿਹਰਾ ਸਾਹਿਬ ਵਿਖੇ ਇਕ ਸਰਾਂ ਬਣਵਾਈ। ਪਰ ਜੋ ਇਤਿਹਾਸ ਮੈਨੇਜਰ ਗੁਰਦੁਆਰਾ ਬੇਰ ਸਾਹਿਬ ਵਲੋਂ ਵੰਡਿਆ ਜਾ ਰਿਹਾ ਹੈ ਉਸ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾ ਇਹੋ ਧਰਮਸ਼ਾਲ ਬੱਧੀ ਸੀ ਅਤੇ ਉਸੇ ਵਿਚ ਪੰਚਮ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਦੀ ਜੰਞ ਸਮੇਤ ਰੈਣ ਬਸੇਰਾ ਕੀਤਾ ਸੀ। ਗੁਰਦੁਆਰਾ ਕੋਸ਼ ਅਨੁਸਾਰ ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਹੈ, ਜਦੋਂ ਗੁਰੂ ਸਾਹਿਬ 1604 ਨੂੰ ਡੱਲਾ ਆਪਣੇ ਬੇਟੇ (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਸੁਲਤਾਨਪੁਰ ਵਿਚੋਂ ਗੁਜ਼ਰੇ ਸਨ।

ਗੁਰਦੁਆਰਾ ਚਾਰ ਦੀਵਾਰੀ ਵਿਚ ਅੱਠ ਕੋਨਾਂ ਵਾਲਾ ਗੁਬੰਦ ਨੁਮਾ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰਤੀਰਥ ਸੰਗ੍ਰਹਿ' ਅਤੇ ਗਿਆਨੀ ਗਿਆਨ ਸਿੰਘ ਨੇ 'ਗੁਰਧਾਮ ਸੰਗ੍ਰਹਿ' ਅਤੇ ਗਿਆਨੀ ਠਾਕੁਰ ਸਿੰਘ ਨੇ ਆਪਣੀ ਕ੍ਰਿਤ ਸ੍ਰੀ ਗੁਰਦੁਆਰੇ ਦਰਸ਼ਨ ਵਿਚ ਇਸ ਗੁਰਦੁਆਰੇ ਦਾ ਕੋਈ ਜ਼ਿਕਰ ਨਹੀਂ ਕੀਤਾ। ਇਉਂ ਜਾਪਦਾ ਹੈ ਇਹ ਗੁਰਦੁਆਰਾ ਬਾਅਦ ਵਿਚ ਸ਼ਰਧਾਲੂ ਸਿੱਖਾਂ ਦੁਆਰਾ ਬਣਾਇਆ ਗਿਆ ਹੈ। ਗੁਰੂ ਸਾਹਿਬ ਨੇ ਫੋਕਟ ਗੀਤਾਂ ਰਸਮਾਂ ਨੂੰ ਤਾਂ ਵੈਸੇ ਪ੍ਰਵਾਨ ਨਹੀਂ ਕੀਤਾ। ਸਿਹਰਾ ਬੰਨਣ ਵਾਲੀ ਗੱਲ ਕੁੱਝ ਠੀਕ ਨਹੀਂ ਜਾਪਦੀ ਹਾਂ ਕਲਗੀ ਗੁਰੂ ਸਾਹਿਬ ਨੇ ਜ਼ਰੂਰ ਸਜ਼ਾਈ ਹੋਈ ਹੈ।

ਭਾਵੇਂ ਪੁਰਾਣੀ ਸਰਾਂ ਦੀਆਂ ਹੁਣ ਕੋਈ ਵੀ ਨਿਸ਼ਾਨੀਆਂ ਨਹੀਂ ਮਿਲਦੀਆਂ ਪਰ ਗੁਰੂ ਜੀ ਦੇ ਸਮੇਂ ਦਾ ਲਾਇਆ ਗਿਆ ਇਕ ਖੂਹ ਵੇਈਂ ਨਦੀ ਵਾਲੇ ਪਾਸੇ ਮੌਜੂਦ ਹੈ। ਕਹਿੰਦੇ ਹਨ ਇਹ ਖੂਹ ਉਤੇ ਹਲਦੀ ਲਗੀ ਸੀ ਤੇ ਆਈਆਂ ਗਈਆਂ ਸੰਗਤਾਂ ਜਲ ਪਾਣ ਕਰਦੀਆਂ ਸਨ। ਅੱਜ ਕਲ੍ਹ ਨਲਕਾ ਲਗ ਜਾਣ ਕਰਕੇ ਇਸੇ ਖੂਹ ਦੀ ਮਹੱਤਤਾ ਘੱਟ ਗਈ ਹੈ ਹੁਣ ਤਾਂ ਟੂਟੀਆਂ ਦਾ ਪਾਣੀ ਆ ਗਿਆ ਹੈ। ਘਰ ਘਰ ਵਿਚ ਸਬਰਸੀਮਲ ਪੰਪ ਲੱਗ ਗਏ ਹਨ, ਹੁਣ ਪਾਣੀ ਦੀ ਪਹਿਲਾਂ ਵਰਗੀ ਸਮਸਿਆ ਨਹੀਂ ਰਹੀ। ਸੋ ਖੂਹ ਆਦਿ ਪੁਰਾਤਨ ਨਿਸ਼ਾਨੀਆਂ ਨੂੰ ਮਿਟਾ ਹੀ ਦਿੱਤਾ ਗਿਆ ਹੈ। ਜੋ ਸਾਂਭਣੀਆਂ ਚਾਹੀਦੀਆਂ ਸਨ।

ਇਹ ਵਰਨਣ 1969 ਈ. ਦਾ ਹੈ। ਦਸਿਆ ਜਾਂਦਾ ਹੈ ਕਿ ਪਹਿਲਾਂ ਇਹ ਸਰਾਂ ਘੁੱਗ ਵਸੋਂ ਵਿਚ ਸੀ ਤੇ ਇਕ ਛੋਟੀ ਜਿਹੀ ਗਲੀ ਰਾਹੀਂ ਹੀ ਇਸ ਤੱਕ ਪਹੁੰਚਿਆ ਜਾ ਸਕਦਾ ਸੀ, ਪਰ ਅੱਜਕਲ੍ਹ ਲਾਗੇ ਚਾਗੇ ਸਭ ਮਕਾਨ ਢਹਿ ਢੇਰੀ ਹੋ ਗਏ ਹਨ, ਇਸ ਲਈ ਪਕੀ ਸੜਕ ਤੋਂ ਇਕ ਰਸਤਾ ਖੁਲ੍ਹ ਗਿਆ ਹੈ ਤੇ ਹੋ ਸਕਦਾ ਹੈ ਇਸ ਦੇ ਪੱਕੇ ਹੋ ਜਾਣ ਨਾਲ ਗੁਰਦੁਆਰਾ ਸਾਹਿਬ ਤਕ ਮੋਟਰ ਗੱਡੀਆਂ ਵੀ ਆ ਜਾ ਸਕਣ। ਹੁਣ ਇਥੇ ਬੜੇ ਆਰਾਮ ਨਾਲ ਆਇਆ ਜਾ ਸਕਦਾ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਬਣ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹੈ।

ਬੇਬੇ ਨਾਨਕੀ ਦਾ ਘਰ

ਇਤਿਹਾਸਕ ਪਿਛੋਕੜ

ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਨਾਨਕੀ ਦਾ ਸਹੁਰੇ ਘਰ ਸੁਲਤਾਨ ਪੁਰ ਸੀ। ਬੇਬੇ ਨਾਨਕੀ ਨੇ ਜਿਸ ਘਰ ਵਿਚ ਆਪਣਾ ਜੀਵਨ ਬਤੀਤ ਕੀਤਾ ਤੇ ਜਿਸ ਘਰ ਨੂੰ ਗੁਰੂ ਨਾਨਕ ਦੇਵ ਦੀ ਚਰਨ ਛੋਹ ਨੇ ਪਵਿਤਰ ਕੀਤਾ, ਉਸ ਮਕਾਨ ਨੂੰ ਬੇਬੇ ਨਾਨਕੀ ਦੀ ਧਰਮਸ਼ਾਲਾ ਦੇ ਨਾ ਨਾਲ ਜਾਣਿਆ ਜਾਂਦਾ ਹੈ। ਛੋਟੀ ਇੱਟ ਦਾ ਬਣਿਆ ਇਹ ਮਕਾਨ ਤਿੰਨ ਮੰਜ਼ਲਾਂ ਸੀ। ਇਸ ਦਾ ਖੇਤਰ ਫ਼ਲ ਅੱਧ ਵਿਘੇ ਤੋਂ ਕੁਝ ਉਪਰ ਹੀ ਹੋਵੇਗਾ। ਇਸ ਦਾ ਇਕ ਮੁੱਖ ਦਰਵਾਜ਼ਾ ਅਤੇ ਤਿੰਨ ਛੋਟੇ ਦਰਵਾਜੇ ਸਨ। ਮੁੱਖ ਦਰਵਾਜੇ ਦੇ ਸਾਹਮਣੇ ਵਿਹੜੇ ਵਿਚ ਇਕ ਖੂਹੀ ਲੱਗੀ ਹੋਈ ਹੈ। ਇਕ ਖੂਹੀ ਮਕਾਨ ਦੇ ਪਿਛਲੇ ਪਾਸੇ ਗਲੀ ਵਿਚ ਬਣੀ ਹੋਈ ਸੀ। ਇਸ ਖੂਹੀ ਨੂੰ ਵੀ ਬੇਬੇ ਨਾਨਕੀ ਦੀ ਖੂਹੀ ਆਖਿਆ ਜਾਂਦਾ ਹੈ।

ਬਾਹਰਲੀ ਖੂਹੀ ਕੋਲ ਇਕ ਪੁਰਾਣਾ ਬੋਡ੍ਹ ਦਾ ਦਰਖਤ ਖੜ੍ਹਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬੋਡ੍ਹ ਬੇਬੇ ਨਾਨਕੀ ਦੇ ਹੱਥਾਂ ਦਾ ਲਗਿਆ ਹੋਇਆ ਹੈ।

ਤਵਾਰੀਖ ਰਾਮ ਜੱਸ ਅਨੁਸਾਰ ਜੈ ਰਾਮ ਜੀ ਦੀ ਰਿਹਾਇਸ਼ ਗੁਰਦੁਆਰਾ ਗੁਰੂ ਕਾ ਬਾਗ ਵਾਲੇ ਮਕਾਨ ਵਿਚ ਸੀ, ਜਿਸ ਨੂੰ ਬੇਬੇ ਨਾਨਕੀ ਦਾ ਮਹਲ ਲਿਖੀਆ ਗਿਆ ਹੈ। ਹੋ ਸਕਦਾ ਹੈ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਉਪਰੰਤ ਬੇਬੇ ਨਾਨਕੀ ਨੇ ਉਹ ਮਕਾਨ ਵੀਰ ਨਾਨਕ ਨੂੰ ਦੇ ਦਿੱਤਾ ਹੋਵੇ ਤੇ ਆਪਣੀ ਰਿਹਾਇਸ਼ ਇਸ ਮਕਾਨ ਵਿਚ ਬਦਲ ਲਈ ਹੋਵੇ। ਇਸ ਮਕਾਨ ਤੇ 1969 ਈ. ਤੱਕ ਸਾਧੂ ਸਿੰਘ ਦਾ ਕਬਜ਼ਾ ਸੀ।

ਇਹ ਵੀ ਦਸਿਆ ਜਾਂਦਾ ਹੈ ਕਿ ਵਿਹੜੇ ਵਾਲੀ ਖੂਹੀ ਵਿਚ ਕਾਫੀ ਦੇਰ ਪਹਿਲਾਂ ਇਕ ਇੱਟ ਲੱਗੀ ਹੁੰਦੀ ਸੀ, ਜਿਸ ਤੇ ਗੁਰਮੁੱਖੀ ਅੱਖਰਾਂ ਵਿਚ ਲਿਖਿਆ ਸੀ, "ਕੂਈ ਬੇਬੇ ਨਾਨਕੀ" ਪਰ ਹੁਣ ਉਹ ਇਟ ਉਖਾੜੀ ਜਾ ਚੁੱਕੀ ਹੈ।

ਹੁਣ ਜੋ ਗੁਰਦੁਆਰਾ ਸਾਹਿਬ ਬਣਿਆ ਹੈ ਇਸ ਨੂੰ ਬਾਬਾ ਜਗਤਾਰ ਸਿੰਘ ਨੇ ਬਣਵਾਇਆ ਹੈ ਇਸ ਤੋਂ ਪਹਿਲਾਂ ਗੁਰਦੁਆਰੇ ਦੀ ਇਮਾਰਤ 1970 ਈ. ਵਿਚ ਬਣਾਈ ਗਈ ਸੀ। ਇਹ ਤਿੰਨ ਮੰਜ਼ਲੀ ਪੁਰਾਣੀ ਇਮਾਰਤ ਸੀ। ਇਹ ਮਹੱਲਾ ਛਿਬੀਆਂ ਵਿਚ ਸੀ। ਇਹ ਨਿੱਜੀ ਮਾਲਕੀ ਅਧੀਨ ਹੈ। ਇਥੇ ਵੇਹੜੇ ਵਿਚ ਖੂਹੀ ਹੈ ਜਿਸ ਉਹ ਨਲਕਾ ਲੱਗਾ ਹੋਇਆ ਹੈ। ਖੂਹੀ ਵਿਚ ਪਾਣੀ ਹੈ। ਖੂਹੀ ਦੇ ਸਾਹਮਣੇ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਹੁਣ ਉਪਰਲੀਆਂ ਮੰਜ਼ਲਾਂ ਵਿਚ ਮਿਊਜਿਅ ਬਣਾ ਦਿੱਤਾ ਗਿਆ ਹੈ। ਚਿਣਾਈ ਛੋਟੀਆਂ ਇੱਟਾਂ ਦੀ ਕੀਤੀ ਗਈ ਹੈ ਪਰ ਉਹਨਾਂ ਦੀ ਦਿੱਖ ਨਾਨਕ ਸ਼ਾਹੀ ਇਟਾਂ ਵਾਲੀ ਬਣਾਈ ਗਈ ਹੈ। ਇਸ ਸਾਰੀ ਇਮਾਰਤ ਦੀ ਬਾਹਰੀ ਕੰਧਾਂ ਨੂੰ ਸਟੀਲ ਦੀ ਉਚੀ ਗਰਿਲ ਲਗਾਈ ਗਈ ਹੈ ਤਾਂ ਜੁਕਿ ਕੰਧ ਨੂੰ ਕੋਈ ਟੱਪ ਨਾ ਸਕੇ। ਬਾਬਾ ਜਗਤਾਰ ਸਿੰਘ ਨੇ ਇਥੇ ਬੋਰਡ ਵੀ

ਲਗਾਇਆ ਹੈ। ਇਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਰਹਿੰਦੇ ਸਨ, ਫੇਰ ਉਹ ਗੁਰੂ ਕੇ ਬਾਗ ਚਲੇ ਗਏ। ਇਹ ਨਵੀਂ ਇਮਾਰਤ ਦੀ ਕਾਰ ਸੇਵਾ ਪੁਰਾਣੀ ਇਮਾਰਤ ਢਾਹ ਕੇ 1994 ਈ. ਵਿਚ ਕੀਤੀ ਗਈ ਹੈ। ਪੁਰਾਤਨ ਇਮਾਰਤਾਂ ਦੀ ਦਿੱਖ-ਬਿਲਕੁਲ ਖ਼ਤਮ ਕਰ ਦਿੱਤੀ ਗਈ ਹੈ।

ਬੇਬੇ ਨਾਨਕੀ ਜੀ ਦੇ ਨਾਮ ਤੇ ਨਵਾਂ ਗੁਰਦੁਆਰਾ ਬੀਬੀ ਬਲਵੰਤ ਕੌਰ ਇੰਗਲੈਂਡ ਵਾਲਿਆਂ ਨੇ 13 ਨਵੰਬਰ 1970 ਈ. ਨੂੰ ਬੇਬੇ ਨਾਨਕੀ ਇਸਤਰੀ ਸਤਿਸੰਗ ਟਰਸੱਟ ਦੀ ਚੇਅਰਮੈਨਸ਼ਿਪ ਹੇਠ ਬਣਵਾਇਆ ਜਿਸ ਦੀ ਕਾਰ ਸੇਵਾ ਦਾ ਜਿੰਮਾ ਸੰਤ ਕਰਤਾਰ ਸਿੰਘ ਜੀ ਨੂੰ ਦਿੱਤਾ ਗਿਆ। ਇਸ ਗੁਰਦੁਆਰੇ ਵਿਚ ਇਕ ਕੇਂਦਰੀ ਹਾਲ ਅਤੇ ਇਕ ਨੁੱਕਰ ਵਿਚ ਚਿੱਟੀ ਸੰਗਮਰਮਰ ਦੀ ਪਾਲਕੀ ਬਣੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਾਲ ਵਿਚ ਹੁੰਦਾ ਹੈ। ਬੇਬੇ ਨਾਨਕੀ ਨਾਲ ਸੰਬੰਧਤ ਕੁੱਝ ਚੀਜਾਂ ਵੀ ਪਈਆਂ ਦੱਸੀਆ ਜਾਂਦੀਆਂ ਹਨ। ਇਥੇ ਗੁਰਦੁਆਰਾ ਸਾਹਿਬ ਦੇ ਹਾਲ ਦੇ ਪਿਛੇ ਇਕ ਖੂਹੀ ਵੀ ਬਣਾਈ ਹੋਈ ਹੈ। ਸੰਗਤਾਂ ਦੀ ਰਿਹਾਇਸ਼ ਲਈ ਕਮਰੇ ਵੀ ਬਣਾਏ ਹਨ। ਕਮਰਿਆ ਦੇ ਬਾਹਰ ਵਰਾਡਾਂ ਵੀ ਬਣਿਆ ਹੋਇਆ ਹੈ। ਕਮਰਿਆਂ ਦੀਆਂ ਕੰਧਾਂ ਤੇ ਗੁਰੂ ਸਾਹਿਬ ਦੇ ਜੀਵਨ ਚਰਿਤ੍ਰ ਨੂੰ ਦਰਸਾਉਂਦੀਆਂ ਪੇਟਿੰਗ ਵੀ ਲਗੀਆਂ ਹੋਈਆਂ ਹਨ। ਗੁਰੂ ਅਮਰਦਾਸ ਜੀ ਇਕ ਵੱਡੇ ਪਲੰਘ ਤੇ ਬੈਠੇ ਹਨ, ਤੇ ਇਕ ਪਾਸੇ ਬੀਬੀ ਭਾਨੀ ਜੀ ਖੜੇ ਹਨ ਤੇ (ਗੁਰੂ) ਅਰਜਨ ਦੇਵ ਜੀ ਬਾਲ ਅਵਸਥਾ ਵਿਚ ਮੰਜੇ ਦੀ ਬਾਹੀ ਪਕੜ ਕੇ ਖੜੇ ਹਨ, ਤਾਂ ਨਾਨਾ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, ਇਹ ਕੌਣ ਪੁਰਸ਼ ਹੈ ਭਾਗੀ ਜਿਸ ਮੰਜੀ ਹਿਲਾਈ ਸਾਡੀ, ਗੁਰੂ ਜੀ ਨੇ ਬੀਬੀ ਭਾਨੀ ਨੂੰ ਵਰ ਦਿੱਤਾ ਕਿ ਇਹ ਬਹੁਤ ਭਾਗੀ ਪੁਰਸ਼ ਹੋਵੇਗਾ।

ਇਹ ਗੁਰਦੁਆਰਾ ਸੁਲਤਾਨਪੁਰ ਤੋਂ ਲੋਹੀਆਂ ਮੇਨ ਸੜਕ ਤੇ ਹੋਣ ਕਾਰਣ ਇਥੇ ਸੰਗਤਾਂ ਵੀ ਭਾਰੀ ਗਿਣਤੀ ਵਿਚ ਆਉਂਦੀਆਂ ਹਨ। ਰਿਹਾਇਸ਼ ਦਾ ਪ੍ਰਬੰਧ ਹੈ, ਯਾਤਰੂਆਂ ਲਈ ਲੰਗਰ ਦਾ ਪ੍ਰਬੰਧ ਵੀ ਹੈ। ਇਥੇ ਹਰ ਸਾਲ ਅਪ੍ਰੈਲ ਦੇ ਪਹਿਲੇ ਹਫਤੇ ਬੇਬੇ ਨਾਨਕੀ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਸੰਗਤਾਂ ਹਾਜ਼ਰੀ ਭਰਦੀਆਂ ਹਨ।

•

ਲੇਖਕ ਬਾਰੇ



ਡਾ. ਪਰਮਜੀਤ ਸਿੰਘ ਮਾਨਸਾ (ਜਨਮ 15-1-1959) ਆਪਣੇ ਜਨਮ ਸਥਾਨ ਮਾਨਸਾ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰ ਕੇ ਰੇਲਵੇ ਵਿਚ ਤਕਨੀਕੀ ਸੇਵਾਕਰਦੇ ਰਹੇ ਅਤੇ ਰੇਲ ਕੋਚ ਫੈਕਟਰੀ, ਕਪੂਰਥਲਾ ਤੋਂ ਬਤੌਰ ਸੀਨੀਅਰ ਟੈਕਨੀਸ਼ੀਅਨ ਸੇਵਾ-ਮੁਕਤ ਹੋਏ। ਆਪਣੇ ਧਰਮ ਤੇ ਵਿਰਸੇ ਨਾਲ ਲਗਾਓ ਕਰਕੇ ਆਪ ਨੇ ਐਮ.ਏ. (ਧਰਮ ਅਧਿਐਨ) ਕਰਨ ਉਪਰੰਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ ਸ੍ਰੀ ਗੁਰਮਤਿ ਨਿਰਣਯ ਸਾਗਰ ਦਾ ਵਿਚਾਰਧਾਰਾਈ ਅਧਿਐਲ 'ਤੇ ਬੋਧ-ਪ੍ਰਬੰਧ ਲਿਖ ਕੇ 2005 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਆਪ ਜੀ ਸਿੱਖ ਸੰਪ੍ਰਦਾਵਾਂ ਵੱਲੋਂ ਸਿੱਖੀ ਪ੍ਰਚਾਰ-ਪ੍ਰਸਾਰ ਲਈ ਪਾਏ ਯੋਗਦਾਨ ਸੰਬੰਧੀ ਨਿਰੰਤਰ ਖੋਜ ਕਰ ਰਹੇ ਹਨ ਅਤੇ ਕਰਮਯੋਗੀ ਵਾਂਗ ਮੂਲ ਸਰੋਤਾਂ ਦੇ ਅਧਿਐਨ ਦੇ ਨਾਲ ਸਥਾਨਕ ਮੌਖਿਕ ਸਰੋਤਾਂ ਤਕ ਰਸਾਈ ਵੀ ਕਰਦੇ ਹਨ। ਹੁਣ ਤਕ ਆਪ ਜੀ ਤਕਰੀਬਨ ਦਰਜਨ ਕੁ ਖੋਜ-ਪੁਸਤਕਾਂ ਪ੍ਰਕਾਸ਼ਿਤ ਕਰ ਚੁੱਕੇ ਹਨ ਅਤੇ 15 ਕੁ ਖੋਜ-ਪੱਤਰ ਯੂਨੀਵਰਸਿਟੀਆਂ ਵਿਚ ਪੇਸ਼ ਕਰ ਕੇ ਆਪਣੇ ਸਿਰੜੀ ਖੋਜੀ ਹੋਣ ਦਾ ਸਿੱਖਾ ਮਨਵਾ ਚੁੱਕੇ ਹਨ।

ਏਸੇ ਕਲਮ ਤੋਂ :

ਪੁਸਤਕਾਂ

- ਪੰਡਿਤ ਮਾਰਾ ਸਿੰਘ ਨਰੋਤਮ : ਜੀਵਨ, ਰਚਨਾ ਤੇ ਸਿਧਾਤ (2008)
- ਸੋ ਕਿਉ ਮੰਦਾ ਆਖੀਐ (2009)
- ਨਿਰਮਲ ਪੰਥ ਦਾ ਇਤਿਹਾਸ (ਦੋ ਭਾਗ 2009)
- ਅਨੰਦ ਕਾਰਜ ਸੰਸਕਾਰ : ਖ਼ਾਲਸਾ ਬਿਵਾਹ ਪੱਧਰ ਤੇ ਪਰਿਪੇਖ ਵਿਚ (2010)
- ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ (2012)
- ਭਾਈ ਮਹਾਰਾਜ ਸਿੰਘ : ਜੀਵਨ ਤੇ ਸ਼ਹਾਦਤ (2014)
- ਪੰਡਿਤ ਈਸ਼ਾ ਸਿੰਘ : ਜੀਵਨ, ਰਚਨਾ ਤੇ ਸਿਧਾਂਤ (2016)
- ਜਪੁਜੀ ਸਾਹਿਬ : ਬਹੁਪੱਖੀ ਅਧਿਐਨ ਤੇ ਵਿਆਖਿਆ (2020)
- ਉਦਾਸੀ ਸੰਪਰਦਾ ਦਾ ਉਦਭਵ ਤੇ ਵਿਕਾਸ (2021)

ਟ੍ਰੈਕਟ

- ਚੜ੍ਹਿਆ ਸੋਧਣਿ ਧਰਤਿ ਲੁਕਾਈ (2019)
- ਕਲਿ ਤਾਰਣ ਗੁਰ ਨਾਨਕ ਆਇਆ (2019)
- ਸਤਿਗੁਰ ਨਾਨਕ ਪ੍ਰਗਟਿਆ (2019)

ਛਪਾਈ ਅਧੀਨ :

- ਪੰਡਿਤ ਗਣੇਸ਼ਾ ਸਿੰਘ : ਜੀਵਨ, ਰਚਨਾ ਤੇ ਸਿਧਾਂਤ
- ਨਿਰਮਲ ਪੰਥ ਪ੍ਰਦੀਪਕਾ ਦੀ ਸੰਪਾਦਨਾ
- ਸ੍ਰੀ ਗੁਰ ਤੀਰਥ ਸੰਗ੍ਰਹਿ ਦੀ ਸੰਪਾਦਨਾ
- ਸ੍ਰੀ ਗੁਰਮਤਿ ਨਿਰਣਯ ਸਾਗਰ ਦੀ ਸੰਪਾਦਨਾ

With best compliments from :

ਕਾਲੜਾ ਐਨਕ ਹਾਊਸ

ਆਈ-ਕੇਅਰ ਅਤੇ ਕੌਂਟੈਕਟ ਲੈਂਸ ਕਲੀਨਿਕ

ਨੇੜੇ ਸਟੇਟ ਗੁਰਦੁਆਰਾ, ਕਪੂਰਥਲਾ

(M) 98153-40448 Ph. 233103

With best compliments from :

ਡਾ. ਮਨਜੋਤ ਸਿੰਘ ਕਾਲੜਾ

ਬੀ.ਡੀ.ਐੱਸ., ਐਮ.ਡੀ.ਐੱਸ., (ਐਂਡੋਡੋਨਟਿਸਟ)
ਰਜਿ. ਨੰ. 9784-ਏ (ਪੰਜਾਬ) 2012
ਫ਼ੋਨ : 98156-60084

ਕਾਲੜਾ

ਕਾਲੜਾ ਦੰਦਾਂ ਦਾ ਹਸਪਤਾਲ

ਨੇੜੇ ਸਟੇਟ ਗੁਰਦੁਆਰਾ, ਸਾਹਮਣੇ ਪੀ.ਐਨ.ਬੀ. ਬੈਂਕ, ਕਪੂਰਥਲਾ

HIND MOTORS

Specialist in Bullet Motor Cycle

Mechanic : Manjinder Singh 'Hind'

Opp. Jagdev Market, Amritsar Road,
TARN TARAN. (M) 9888011139